Hansti Duniya (Punjabi)
Vol. 48 ✶ No. 04 ✶ APRIL 2024

₹25/-

# ਹੰਸਤੀ ਦੁਨੀਆ



# ਹੰਸਤੀ ਦੁਨੀਆ

✶ VOL - 48

ਅੰਕ - 04 ✶ ਅਪ੍ਰੈਲ 2024 ✶ Pages : 44

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Rakesh Mutreja, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Administrative Block, Nirankari Chowk, Burari Road, Delhi-110009



Chief Editor (Honorary)

Dr. Vijay Sharma

Editor (Honorary)

S.S. Randhawa

Asstt. Editor

Kuldeep Kaur



E-mail : hduniya.punjabi@nirankari.org
editorial@nirankari.org

Ph. : 011-47660200


Fax : 011-27608215

Website : www.nirankari.org
kids.nirankari.org


04



18




12



22




38




## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 12 |
| ਹਾਸਾ-ਖੇਡਾ | 18 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 21 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 33 |
| ਕਦੇ ਨਾ ਭੁੱਲੋ | 37 |
| ਬੁੱਧੀ ਦੀ ਪਰਖ | 42 |


## ਚਿੱਤਰਕਥਾਵਾਂ


| | |
|---|---|
| ਕਿੱਟੀ | 22 |
| ਚਿਤੱਰਕਥਾ | 38 |







## ਕਹਾਣੀਆਂ


06. ਬੇਗਾਨਾ ਦੁੱਖ - ਆਪਣਾ ਸੁੱਖ
- ਦਰਸ਼ਨ ਸਿੰਘ ਆਸ਼ਟ

14. ਅਜ਼ਾਦੀ ਸਾਰਿਆਂ ਨੂੰ ਪਿਆਰੀ
- ਬਲਤੇਜ਼ ਕੋਮਲ

16. ਗਲਤੀ
- ਪ੍ਰਿਯੰਕਾ

26. ਹਿੰਮਤ ਵਾਲਾ ਛੋਟਾ ਬੱਚਾ
- ਹਰਦਰਸ਼ਨ ਸਹਿਗਲ

30. ਇੱਕ ਤੀਰ ਨਾਲ ਦੋ ਸ਼ਿਕਾਰ
- ਪ੍ਰਿੰਸ ਖੁਰਾਣਾ

32. ਤੇਨਾਲੀ ਰਾਮ ਦੀ ਸੂਝਬੂਝ
- ਹਰਿੰਦਰ ਸਿੰਘ ਗੋਗਨਾ


## ਗੀਤ-ਕਵਿਤਾਵਾਂ


05. ਵਿਸਾਖੀ ਆਈ
- ਜਗਤਾਰ ਚਮਨ

13. ਜਾਗੋ ਬੱਚਿਓ ਹੋਇਆ ਸਵੇਰਾ
- ਜੀ.ਪੀ. ਸ਼ਰਮਾ

36. ਬਚਨ ਹਜ਼ੂਰ ਦੀ ਕਹਾਣੀ ...
- ਸੁਰਿੰਦਰ ਰੰਧਾਵਾ


## ਵਿਸ਼ੇਸ਼ ਲੇਖ


09. ਭਾਵਨਾ ਨਾਲੋਂ ਫਰਜ਼ ਉੱਚਾ
- ਜਗਦੀਸ਼ ਕੌਸ਼ਿਕ

10. ਤਿੱਤਲੀਆਂ ਦਾ ਅਨੋਖਾ ਸੰਸਾਰ
- ਵਿਦਿਆ ਪ੍ਰਕਾਸ਼

20. ਫਾਗ ਅਤੇ ਸਮਾਗ
- ਅਮਰਜੀਤ ਅਮਰ

28. ਪਰਵਾਸੀ ਪੰਛੀਆਂ ਦਾ ਸੁਆਗਤ
- ਗੋਪਾਲ ਜੀ ਗੁਪਤ

35. ਨਵੀਆਂ ਜਮਾਤਾਂ 'ਚ ...
- ਪ੍ਰੋ. ਕੁਲਜੀਤ ਕੌਰ










# ਭੁੱਲੀਏ ਨਾ ਬਚਨ ਬਲੀਦਾਨ। ਨਵੀਂ ਕਲਾਸ ਦੀ ਬਣੀਏ ਸ਼ਾਨ।

ਪਿਆਰੇ ਬੱਚਿਓ! ਹਰ ਇਕ ਨੂੰ ਸਫਲਤਾ ਬਹੁਤ ਪਿਆਰੀ ਲਗਦੀ ਹੈ ਚਾਹੇ ਅਗਲੀ ਕਲਾਸ ਵਿੱਚ ਜਾਣ ਦੀ ਹੀ ਕਿਉਂ ਨਾ ਹੋਵੇ। ਤੁਹਾਨੂੰ ਵੀ ਬਹੁਤ-ਬਹੁਤ ਵਧਾਈਆਂ! ਨਵੀਂ ਕਲਾਸ, ਨਵੇਂ ਅਧਿਆਪਕ ਅਤੇ ਨਵੀਂਆਂ ਕਿਤਾਬਾਂ ਤੁਸੀਂ ਪਿਛਲੇ ਸਾਲ ਕੀਤੀ ਗਈ ਮਿਹਨਤ ਦੀ ਸਫਲਤਾ ਦੀਆਂ ਖੁਸ਼ੀਆਂ ਮਾਣ ਰਹੇ ਹੋ।

ਇਕ ਗੱਲ ਦਾ ਖਿਆਲ ਜ਼ਰੂਰ ਰੱਖਣਾ ਹੈ ਕਿ ਛੇਵੀਂ-ਕਲਾਸ ਵਿੱਚ ਸੰਸਕ੍ਰਿਤ, ਉਰਦੂ ਅਤੇ ਪੰਜਾਬੀ ਵਿੱਚੋਂ ਕੋਈ ਇਕ ਭਾਸ਼ਾ ਪੜਨੀ ਹੁੰਦੀ ਹੈ। ਤੁਸੀਂ ਪੰਜਾਬੀ ਭਾਸ਼ਾ ਹੀ ਲੈਣੀ ਹੈ ਕਿਉਂਕਿ ਇਹ ਬੜੀ ਆਸਾਨ ਅਤੇ ਅਕਸਰ ਬੋਲੀ ਜਾਣ ਵਾਲੀ ਹਰਮਨ-ਪਿਆਰੀ ਭਾਸ਼ਾ ਹੈ।

ਪਿਆਰੇ ਬੱਚਿਓ! ਤੁਸੀਂ ਜਾਣਦੇ ਹੀ ਹੋ ਕਿ ਅਪ੍ਰੈਲ ਮਹੀਨੇ ਵਿੱਚ ਵਿਸਾਖੀ ਦਾ ਤਿਉਹਾਰ ਵੀ ਆਉਂਦਾ ਹੈ। ਪੰਜਾਬ ਵਿੱਚ ਤਾਂ ਇਸ ਦਾ ਬਹੁਤ ਹੀ ਮਹੱਤਵ ਹੈ ਕਿਉਂਕਿ ਕਣਕ ਦੀ ਫਸਲ ਪੱਕ ਜਾਂਦੀ ਹੈ ਅਤੇ ਕਿਸਾਨ ਮਿਲਜੁਲ ਕੇ ਬੜੀ ਧੂਮ-ਧਾਮ ਨਾਲ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ। ਕਿਹਾ ਵੀ ਜਾਂਦਾ ਹੈ- ''ਆਈ ਵਿਸਾਖੀ, ਮੁੱਕ ਗਈ ਫਸਲਾਂ ਦੀ ਰਾਖੀ''। ਕਿਸਾਨ ਦੀ ਕੀਤੀ ਗਈ ਮਿਹਨਤ ਸਦਕਾ ਅਨਾਜ ਨਾਲ ਕਿਸਾਨਾਂ ਦੇ ਘਰ ਭਰ ਜਾਂਦੇ ਹਨ।

ਸਾਡੇ ਦੇਸ਼ ਦੇ ਹੋਰ ਹਿਸਿਆ ਵਿੱਚ ਵੀ ਇਸ ਤਿਉਹਾਰ ਨੂੰ ਅਲਗ-ਅਲਗ ਨਾਵਾਂ ਨਾਲ ਮਨਾਇਆ ਜਾਂਦਾ ਹੈ ਜਿਵੇਂ ਜੈਨ ਸਮਾਜ ਦਾ ਤਿਉਹਾਰ-''ਮਹਾਂਵੀਰ ਜੈਯੰਤੀ'' ਵੀ ਅਪ੍ਰੈਲ ਦੇ ਮਹੀਨੇ ਵਿੱਚ ਹੀ ਆਉਂਦੀ ਹੈ। ਇਸ ਪ੍ਰਕਾਰ ਈਸਾਈ ਮਤ ਦਾ ਤਿਉਹਾਰ- ''ਗੁਡ-ਫ੍ਰਾਈਡੇ'' ਵੀ ਇਸ ਮਹੀਨੇ ਹੀ ਆਉਂਦਾ ਹੈ। ਸ਼ਰਧਾਲੂ ਆਪਣੀ-ਆਪਣੀ ਸ਼ਰਧਾ ਅਨੁਸਾਰ ਆਪਣੇ-ਆਪਣੇ ਢੰਗ ਨਾਲ ਇਸ ਤਿਉਹਾਰ ਨੂੰ ਮਨਾ ਕੇ ਚੰਗੀ ਸਿਖਿਆ ਨੂੰ ਅਪਨਾਉਣ ਦਾ ਪ੍ਰਣ ਕਰਦੇ ਹਨ।

ਪਿਆਰੇ ਬੱਚਿਓ! ਨਿਰੰਕਾਰ-ਪ੍ਰਭੂ ਨੇ ਇਹ ਸ੍ਰਿਸ਼ਟੀ ਬੜੀ ਸੁੰਦਰ ਬਣਾਈ ਹੈ। ਅਨੇਕਾਂ ਭਾਸ਼ਾਵਾਂ, ਅਨੇਕਾਂ ਰੰਗ, ਅਨੇਕਾਂ ਖਾਣ-ਪੀਣ, ਅਨੇਕਾਂ ਪਹਿਰਾਵੇ ਅਤੇ ਅਨੇਕਾਂ ਸੰਸਕ੍ਰਿਤੀਆਂ ਹਨ। ਫਿਰ ਵੀ ਅਨੇਕਤਾ ਵਿੱਚ ਏਕਤਾ ਦੀ ਜ਼ਰੂਰਤ ਹੈ।

ਪਿਆਰੇ ਬੱਚਿਓ! ਸ਼ਾਇਦ ਤੁਸੀਂ ਇਹ ਵੀ ਜਾਣਦੇ ਹੀ ਹੋਵੋਗੇ ਕਿ 24 ਅਪ੍ਰੈਲ 1980 ਨੂੰ ਮਾਨਵਤਾ ਦੇ ਮਸੀਹਾ ਬਾਬਾ ਗੁਰਬਚਨ ਸਿੰਘ ਜੀ ਮਹਾਰਾਜ ਦਾ ਬਲੀਦਾਨ ਦਿਵਸ ਹੈ। ਇਸ ਨੂੰ ਮਾਨਵ ਏਕਤਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਬਾਬਾ ਗੁਰਬਚਨ ਸਿੰਘ ਨੇ 1963 ਤੋਂ 1980 ਤੱਕ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਸਰੂਪ ਵਿੱਚ ਮਾਨਵਤਾ ਦਾ ਮਾਰਗ ਦਰਸ਼ਨ ਕੀਤਾ। ਅਲਗ-ਅਲਗ ਧਾਰਮਿਕ ਮਾਨਤਾਵਾਂ ਵਾਲੇ ਲੋਕਾਂ ਨੂੰ ਧਰਮ ਦਾ ਅਸਲ ਮਕਸਦ ਸਮਝਾਉਂਦੇ ਹੋਏ ਕਿਹਾ -

**''ਧਰਮ ਜੋੜਦਾ ਹੈ ਤੋੜਦਾ ਨਹੀਂ''**। ਉਹਨਾਂ ਨੇ ਬਿਨਾਂ ਕਿਸੇ ਭੇਦਭਾਵ ਦੇ ਪਿਆਰ ਅਤੇ ਅਪਨਾਪਨ ਹੀ ਵੰਡਿਆ। ਇਕ ਪਰਮਪਿਤਾ ਪਰਮਾਤਮਾ ਦੀ ਜਾਣਕਾਰੀ ਕਰਵਾ ਕੇ ਸਭ ਨੂੰ ਏਕਤਾ ਦੇ ਸੂਤਰ ਵਿੱਚ ਬੰਨਿਆ। ਇਸ ਕਰਕੇ ਹੀ ਉਹਨਾ ਨੂੰ ਮਾਨਵਤਾ ਦਾ ਮਸੀਹਾ ਕਿਹਾ ਜਾਂਦਾ ਹੈ।

ਸੋ ਪਿਆਰੇ ਬੱਚਿਓ! ਸਾਨੂੰ ਹਰ ਤਰ੍ਹਾਂ ਦੀ ਅਨੇਕਤਾ ਨੂੰ ਸਵੀਕਾਰ ਕਰਦੇ ਹੋਏ ਏਕਤਾ ਦੀ ਭਾਵਨਾ ਕਾਇਮ ਰੱਖਣੀ ਚਾਹੀਦੀ ਹੈ। ਹਰ ਕੰਮ ਪੂਰੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਕਰਦੇ ਹੋਏ ਆਪਣੇ ਭਵਿਖ ਨੂੰ ਸੁਨਹਿਰਾ ਬਣਾ ਕੇ ਖੁਸ਼ੀਆਂ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ।

✍ **ਸੁਰਿੰਦਰ ਸਿੰਘ ਰੰਧਾਵਾ**



*(14 ਅਪ੍ਰੈਲ) ਵਿਸਾਖੀ ਤੇ ਵਿਸ਼ੇਸ਼*

# ਵਿਸਾਖੀ ਆਈ

*– ਜਗਤਾਰ ਚਮਨ*

ਵਿਸਾਖੀ ਆਈ ਵਿਸਾਖੀ ਆਈ।
ਕਣਕਾਂ ਨੇ ਪੱਕੀਆਂ ਰੌਣਕ ਹੈ ਲਾਈ।।

ਚਾਰੇ ਪਾਸੇ ਨੇ ਖੁਸ਼ੀਆਂ ਤੇ ਖੇੜੇ।
ਮੇਲਾ ਹੈ ਲੱਗਿਆ ਖੇਤਾਂ ਦੇ ਨੇੜੇ।।
ਅਸੀਂ ਸਾਰੇ ਚੱਲੀਏ ਦੇਖਣ ਨੂੰ ਭਾਈ।।
ਵਿਸਾਖੀ ਆਈ...

ਗੁਰੂਆਂ ਤੇ ਪੀਰਾਂ ਫਕੀਰਾਂ ਦੀ ਧਰਤੀ।
ਬਲਵਾਨ ਯੋਧੇ ਤੇ ਵੀਰਾਂ ਦੀ ਧਰਤੀ।।
ਕਾਦਰ ਦੀ ਤਾਕਤ ਹੈ ਸਭ ਚ ਸਮਾਈ।।
ਵਿਸਾਖੀ ਆਈ...

ਵੱਖ ਪਹਿਰਾਵਾ ਭਾਵੇਂ ਵੱਖ ਵੱਖ ਬੋਲੀਆਂ।
ਰਲ ਮਿਲ ਸਾਰੇ ਇੱਥੇ ਖੇਡਦੇ ਨੇ ਹੋਲੀਆਂ।।
ਰੂਹਾ ਚ ਵੱਸਦੀ ਹੈ ਇੱਕੋ ਖੁਦਾਈ।।
ਵਿਸਾਖੀ ਆਈ...

ਸਾਂਝ ਭਾਈਚਾਰਾ ਇੱਥੇ ਸੋਹਣਾ ਸੰਸਾਰ ਏ।
ਬਾਗਾਂ ਚ ਫੁੱਲਾਂ ਤੇ ਆਈ ਬਹਾਰ ਏ।।
'ਚਮਨ' ਰਹੇ ਖਿੜਿਆ ਜੁਗਾਂ ਜੁਗਾਂ ਤਾਈਂ।।
ਵਿਸਾਖੀ ਆਈ...

# ਬੇਗਾਨਾ ਦੁੱਖ – ਆਪਣਾ ਸੁੱਖ


– ਦਰਸ਼ਨ ਸਿੰਘ ਆਸ਼ਟ

ਕਿਸੇ ਕਿਸਾਨ ਦੇ ਖੇਤ ਵਿੱਚ ਅੰਬ ਦੇ ਰੁੱਖ ਤੇ ਇੱਕ ਤੋਤਾ ਰਹਿੰਦਾ ਸੀ, ਬੇਹੱਦ ਸ਼ਰਾਰਤੀ। ਉਸੇ ਰੁੱਖ ਤੇ ਇੱਕ ਕਾਟੋ ਵੀ ਰਹਿੰਦੀ ਸੀ। ਬਹੁਤ ਹੀ ਨਿਮਰਤਾ ਵਾਲਾ ਸੁਭਾਅ ਸੀ ਉਸ ਦਾ। ਹਮੇਸ਼ਾਂ ਦੂਸਰਿਆਂ ਦੀ ਮਦਦ ਕਰਦੀ।

ਜਦ ਕੋਈ ਵਿਅਕਤੀ ਥੱਕਿਆ-ਹਾਰਿਆ ਅੰਬ ਦੇ ਰੁੱਖ ਦੇ ਹੇਠਾਂ ਕੁੱਝ ਸਮਾਂ ਆਰਾਮ ਕਰਨ ਲਈ ਬੈਠਦਾ ਤਾਂ ਤੋਤਾ ਇੱਕ ਛੋਟਾ ਜਿਹਾ ਅੰਬ ਤੋੜ ਕੇ ਆਰਾਮ ਕਰ ਰਹੇ ਵਿਅਕਤੀ ਦੇ ਸਿਰ ਤੇ ਮਾਰਦਾ। ਘਬਰਾ ਕੇ ਉਹ ਵਿਅਕਤੀ ਇੱਕਦਮ ਉਪਰ ਵੇਖਦਾ, ਤੋਤਾ ਖੁਸ਼ ਹੋ ਕੇ ਟੈਂ-ਟੈਂ ਕਰਨ ਲੱਗਦਾ।

ਇੱਕ ਦਿਨ ਇੱਕ ਕੱਛੂਆ ਅੰਬ ਦੇ ਰੁੱਖ ਦੇ ਹੇਠੋਂ ਗੁਜ਼ਰ ਰਿਹਾ ਸੀ ਤਾਂ ਤੋਤੇ ਨੇ ਉਸ





ਨੂੰ ਆਪਣਾ ਨਿਸ਼ਾਨਾ ਬਣਾਇਆ। ਜਿਉਂ ਹੀ ਇੱਕ ਅੰਬ ਕੱਛੂਏ ਦੀ ਪਿੱਠ ਤੇ ਜ਼ੋਰ ਨਾਲ ਟਕਰਾਇਆ ਤਾਂ ਮਾਰੇ ਡਰ ਦੇ ਕੱਛੂਆ ਇਕਦਮ ਪਿੱਛੇ ਵੱਲ ਭੱਜਣ ਲੱਗਾ। ਤੋਤਾ ਠਹਾਕੇ ਲਾਉਣ ਲੱਗਾ।

– ਵੇਖੋ ਤੋਤੇ ਭਾਈ, ਕਿਸੇ ਨੂੰ ਐਵੇਂ ਤੰਗ ਅਤੇ ਪਰੇਸ਼ਾਨ ਕਰਨਾ ਸਮਝਦਾਰੀ ਦੀ ਗੱਲ ਨਹੀਂ। -ਇੱਕ ਦਿਨ ਜਦ ਇੱਕ ਬੀਮਾਰ ਵਿਅਕਤੀ ਨੂੰ ਤੋਤੇ ਨੇ ਆਪਣਾ ਨਿਸ਼ਾਨਾ ਬਣਾਇਆ ਤਾਂ ਕਾਟੋ ਤੋਂ ਰਿਹਾ ਨਾ ਗਿਆ। ਉਸ ਨੇ ਜਿਉਂ ਹੀ ਕੁੱਝ ਕਹਿਣ ਨੂੰ ਮੂੰਹ ਖੋਲਿਆ ਤੋਤਾ ਇੱਕਦਮ ਬੋਲ ਪਿਆ – ਬਸ! ਬਸ! ਆਪਣਾ ਲੈਕਚਰ ਆਪਣੇ ਕੋਲ ਰੱਖ।

– ਜਾਣਦੇ ਹੋ, ਜਿਸ ਰੁੱਖ ਤੇ ਅਸੀਂ ਰਹਿ ਰਹੇ ਹਾਂ ਉਸ ਨੂੰ ਕਿਸੇ ਆਦਮੀ ਨੇ ਹੀ ਬੀਜ਼ਿਆ ਹੈ। ਇੱਕ ਤੂੰ ਹੈ ਕਿ ਇੱਕ ਬੀਮਾਰ ਆਦਮੀ ਨੂੰ ਰੁੱਖ ਦੇ ਹੇਠਾਂ ਸੋਣ ਤਕ ਨਹੀਂ ਦਿੱਤਾ?- ਕਾਟੋ ਬੋਲੀ।

ਤੋਤਾ ਅੰਟ-ਸ਼ੰਟ ਬੋਲਣ ਲੱਗਾ ਤਾਂ ਕਾਟੋ ਚੁੱਪ ਹੋ ਗਈ। ਉਹ ਅੰਬ ਦਾ ਰੁੱਖ ਛੱਡ ਕੇ ਨਾਲ ਵਾਲੇ ਕਿਸੇ ਹੋਰ ਰੁੱਖ ਦੀ ਖੋਲ ਵਿੱਚ ਰਹਿਣ ਲੱਗੀ। ਕੁੱਝ ਦਿਨਾਂ ਦੇ ਬਾਅਦ ਇੱਕ ਤੋਤੀ ਵੀ ਅੰਬ ਦੇ ਰਹਿਣ ਲੱਗੀ। ਤੋਤਾ ਕਿਸੇ ਨੂੰ ਪਰੇਸ਼ਾਨ ਕਰ ਰਿਹਾ ਹੁੰਦਾ ਤਾਂ ਉਸ ਨੂੰ ਮਨ੍ਹਾ ਕਰਦੀ। ਪਰ ਤੋਤਾ ਕਦੋਂ ਕਿਸੇ ਦੀ ਗੱਲ ਮੰਨਣ ਵਾਲਾ ਸੀ?

ਕੁੱਝ ਦਿਨਾਂ ਬਾਅਦ ਤੋਤੀ ਨੇ ਦੋ ਆਂਡੇ ਦਿੱਤੇ। ਉਹਨਾਂ ਵਿੱਚੋਂ ਦੋ ਪਿਆਰੇ-ਪਿਆਰੇ ਬੱਚੇ ਵੀ ਨਿਕਲ ਆਏ।

ਫਸਲ ਪੱਕ ਚੁੱਕੀ ਸੀ। ਕਿਸਾਨ ਨੇ ਸਾਰੀ ਫਸਲ ਕੱਟ ਕੇ ਅੰਬ ਦੇ ਰੁੱਖ ਦੇ ਬਿਲਕੁਲ ਨੇੜੇ ਹੀ ਇੱਕ ਵੱਡਾ ਢੇਰ ਲਗਾ ਦਿੱਤਾ। ਇੱਕ ਸਵੇਰ ਕਿਸਾਨ ਦਾ ਨੌਕਰ ਫਸਲ ਦੇ ਢੇਰ ਦੇ ਕੋਲ ਹੀ ਬੈਠਾ ਚਾਹ ਬਣਾ ਰਿਹਾ ਸੀ ਅਚਾਨਕ ਹਵਾ ਦੇ ਤੇਜ਼ ਝੌਂਕੇ ਨਾਲ ਇੱਕ ਬਲਦੀ ਹੋਈ ਚਿੰਗਾਰੀ ਸੁੱਕੀ ਫਸਲ ਦੇ ਢੇਰ ਤੇ ਜਾ ਡਿੱਗੀ ਅਤੇ ਵੇਖਦੇ ਹੀ ਵੇਖਦੇ ਢੇਰ ਨੂੰ ਅੱਗ ਲੱਗ ਗਈ।

ਅੰਬ ਦੇ ਰੁੱਖ ਤੇ ਰਹਿਣ ਵਾਲੇ ਪੰਛੀ ਜਾਨ ਬਚਾਉਣ ਲਈ ਇੱਧਰ-ਉਧਰ ਉਡਦੇ ਹੋਏ ਚੀਕ ਪੁਕਾਰ ਕਰਨ ਲੱਗੇ। ਤੋਤੇ ਅਤੇ ਤੋਤੀ ਦਾ ਤਾਂ




ਬੁਰਾ ਹਾਲ ਸੀ। ਉਹਨਾਂ ਦੇ ਬੱਚੇ ਉਡ ਨਹੀਂ ਸਕਦੇ ਸਨ ਅਤੇ ਨਾ ਹੀ ਤੋਤਾ-ਤੋਤੀ ਉਹਨਾਂ ਨੂੰ ਮੂੰਹ ਵਿੱਚ ਚੁੱਕ ਕੇ ਲਿਜਾ ਸਕਦੇ ਸਨ।

ਤਦ ਤੱਕ ਕਾਟੋ ਵੀ ਪੰਛੀਆਂ ਦਾ ਚੀਕ-ਚਿਹਾੜਾ ਸੁਣ ਕੇ ਬਾਹਰ ਆ ਚੁੱਕੀ ਸੀ। ਅੱਗ ਦੀਆਂ ਲਪਟਾਂ ਪਲ-ਪਲ ਉਚੀਆਂ ਉਠ ਰਹੀਆਂ ਸਨ।

ਕਾਟੋ ਇਹ ਵੇਖਦੇ ਹੀ ਤੇਜ਼ੀ ਨਾਲ ਆਪਣੀ ਖੋਲ ਵਿੱਚ ਆਈ ਅਤੇ ਇੱਕ ਲੰਮਾ ਜਿਹਾ ਪਾਟਿਆ ਹੋਇਆ ਕਪੜਾ ਲਿਆਈ। ਇਸ ਵਿੱਚ ਇੱਕ ਜੇਬ ਵੀ ਲੱਗੀ ਹੋਈ ਸੀ। ਇਸ ਕੱਪੜੇ ਨੂੰ ਉਹ ਖੇਤਾਂ ਵਿੱਚੋਂ ਚੁੱਕ ਕੇ ਲਿਆਈ ਸੀ ਤਾਂਕਿ ਆਪਣੀ ਖੋਲ ਨੂੰ ਹੋਰ ਵੀ ਆਰਾਮਦਾਇਕ ਬਣਾ ਸਕੇ।

ਇਸ ਤੋਂ ਪਹਿਲਾਂ ਕਿ ਲਪਟਾਂ ਹੋਰ ਤੇਜ਼ ਹੁੰਦੀਆਂ ਕਾਟੋ ਇੱਕ ਟਹਿਣੀ ਤੋਂ ਦੂਸਰੀ ਟਹਿਣੀ ਤੇ ਛਾਲਾਂ ਮਾਰਦੀ ਹੋਈ ਅੰਬ ਦੇ ਰੁੱਖ ਤੇ ਆਈ ਅਤੇ ਤੋਤੇ ਦੀ ਖੋਲ ਵਿੱਚ ਜਾ ਕੇ ਦੋਵਾਂ ਬੱਚਿਆਂ ਨੂੰ ਕੱਪੜੇ ਦੀ ਜੇਬ ਵਿੱਚ ਪਾ ਲਿਆ। ਫਿਰ ਕੱਪੜੇ ਨੂੰ ਚੰਗੀ ਤਰ੍ਹਾਂ ਆਪਣੇ ਮੂੰਹ ਵਿੱਚ ਫੜ ਲਿਆ ਅਤੇ ਪਹਿਲਾਂ ਵਾਂਗ ਇੱਕ ਟਹਿਣੀ ਤੋਂ ਦੂਜੀ ਟਹਿਣੀ ਤੇ ਛਾਲਾਂ ਮਾਰਦੀ ਹੋਈ ਬੱਚਿਆਂ ਨੂੰ ਸੁਰੱਖਿਆ ਸਥਾਨ ਤੇ ਲੈ ਆਈ ਪਰ ਅੱਗ ਤੋਂ ਉਹ ਘਬਰਾ ਗਈ ਸੀ। ਜਿਉਂ ਹੀ ਉਸ ਨੇ ਬੱਚਿਆਂ ਨੂੰ ਆਪਣੀ ਖੋਲ ਵਿੱਚ ਰੱਖਿਆ ਤਾਂ ਉਹ ਖੁਦ ਬੇਹੋਸ਼ ਹੋ ਗਈ।

ਤੋਤੇ ਅਤੇ ਤੋਤੀ ਨੇ ਆਪਣੇ ਬੱਚਿਆਂ ਨੂੰ ਸੁਰੱਖਿਅਤ ਵੇਖਿਆ ਤਾਂ ਉਹਨਾਂ ਦੀ ਜਾਨ ਵਿੱਚ ਜਾਨ ਆਈ ਪਰ ਨਾਲ ਹੀ ਉਹ ਬੇਹੋਸ਼ ਹੋਈ ਕਾਟੋ ਨੂੰ ਹੋਸ਼ ਵਿੱਚ ਲਿਆਉਣ ਦਾ ਯਤਨ ਕਰਨ ਲੱਗੇ। ਕੁੱਝ ਸਮੇਂ ਬਾਅਦ ਕਾਟੋ ਹੋਸ਼ ਵਿੱਚ ਆ ਗਈ। ਤੋਤੇ ਦੀਆਂ ਅੱਖਾਂ ਵਿੱਚੋਂ ਪਛਤਾਵੇ ਦੇ ਹੰਝੂ ਟਪਕ ਪਏ। ਤੋਤੀ ਦੇ ਕੋਲ ਕਾਟੋ ਦਾ ਧੰਨਵਾਦ ਕਰਨ ਲਈ ਕੋਈ ਸ਼ਬਦ ਨਹੀਂ ਸਨ। ■



# ਭਾਵਨਾ ਨਾਲੋਂ ਫਰਜ਼ ਉਚੱਾ

– ਜਗਦੀਸ਼ ਕੌਸ਼ਿਕ

ਭਾਰਤ ਦੇ ਪਹਿਲੇ ਗ੍ਰਹਿ ਅਤੇ ਉਪ-ਪ੍ਰਧਾਨਮੰਤਰੀ ਸਨ ਸਰਦਾਰ ਵੱਲਭ ਭਾਈ ਪਟੇਲ। ਉਹ ਪੇਸ਼ੇ ਤੋਂ ਵਕੀਲ ਸਨ। ਇੱਕ ਵਾਰ ਪਟੇਲ ਆਪਣੇ ਇੱਕ ਮੁਕੱਦਮੇ ਵਿੱਚ ਬਹਿਸ ਕਰ ਰਹੇ ਸਨ। ਮੁਕੱਦਮਾ ਬੜਾ ਗੰਭੀਰ ਸੀ। ਬਹਿਸ ਕਰਨ ਵਿੱਚ ਜੇਕਰ ਥੋੜ੍ਹੀ ਜਿਹੀ ਅਣਗਹਿਲੀ ਹੋ ਜਾਂਦੀ ਤਾਂ ਉਹ ਕੇਸ ਹਾਰ ਸਕਦੇ ਸਨ। ਇਸ ਲਈ ਉਹ ਬੜੀ ਸਾਵਧਾਨੀ ਨਾਲ ਦੂਸਰੇ ਪੱਖ ਦੇ ਵਕੀਲ ਦੀਆਂ ਦਲੀਲਾਂ ਨੂੰ ਖਾਰਿਜ਼ ਕਰ ਰਹੇ ਸਨ। ਮੁਕੱਦਮੇ ਨੂੰ ਜਿੱਤਣਾ ਉਹ ਆਪਣਾ ਫਰਜ਼ ਸਮਝ ਰਹੇ ਸਨ।

ਅਚਾਨਕ ਕੋਰਟ ਵਿੱਚ ਡਾਕੀਆ ਆਇਆ ਅਤੇ ਉਹਨਾਂ ਨੂੰ ਤਾਰ (ਟੈਲੀਗ੍ਰਾਮ) ਦੇ ਕੇ ਚਲਾ ਗਿਆ। ਪਟੇਲ ਜੀ ਨੇ ਬਹਿਸ ਕਰਦੇ-ਕਰਦੇ ਹੀ ਤਾਰ ਦੇ ਸ਼ਬਦਾਂ ਨੂੰ ਪੜ੍ਹ ਲਿਆ ਅਤੇ ਲਿਫ਼ਾਫਾ ਜ਼ੇਬ ਵਿੱਚ ਪਾ ਲਿਆ। ਬਹਿਸ ਖ਼ਤਮ ਹੋ ਗਈ। ਉਹ ਬਾਹਰ ਆਏ, ਵਕੀਲਾਂ ਨੇ ਤਾਰ ਦੇ ਬਾਰੇ ਪੁੱਛਿਆ – ਤਾਂ ਪਟੇਲ ਜੀ ਨੇ ਕੁੱਝ ਉਦਾਸ ਹੋ ਕੇ ਕਿਹਾ- ਮੇਰੀ ਧਰਮਪਤਨੀ ਦਾ ਸਵਰਗਵਾਸ ਹੋ ਗਿਆ ਹੈ। ਤਾਰ ਵਿੱਚ ਇਹੀ ਸੂਚਨਾ ਦਿੱਤੀ ਗਈ ਸੀ।

ਹਾਜ਼ਿਰ ਸਾਰੇ ਵਕੀਲ ਹੈਰਾਨ ਰਹਿ ਗਏ ਉਹਨਾਂ ਦੇ ਹੌਸਲੇ ਨੂੰ ਵੇਖ ਕੇ। ਕੁੱਝ ਨੇ ਕਿਹਾ – ਤੁਸੀਂ ਅਗਲੀ ਪੇਸ਼ੀ ਲੈ ਲੈਂਦੇ?

ਐਨਾ ਵੱਡਾ ਹਾਦਸਾ ਅਤੇ ਤੁਸੀਂ ਆਰਾਮ ਨਾਲ ਬਹਿਸ ਕਰਦੇ ਰਹੇ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ।

ਪਟੇਲ ਜੀ ਨੇ ਕਿਹਾ – ਮਿੱਤਰੋ! ਤੁਸੀਂ ਵੀ ਠੀਕ ਕਹਿ ਰਹੇ ਹੋ। ਹਾਦਸਾ ਕੋਈ ਮਾਮੂਲੀ ਨਹੀਂ ਜੀਵਨ ਦਾ ਸਾਥੀ ਹਮੇਸ਼ਾਂ ਲਈ ਸਾਥ ਛੱਡ ਗਿਆ। ਮੈਨੂੰ ਤਰੀਕ ਲੈ ਲੈਣੀ ਚਾਹੀਦੀ ਸੀ। ਪਰ ਜਰਾ ਸੋਚੋ ਉਸ ਵਿਚਾਰੇ ਦੇ ਕੇਸ ਦਾ ਕੀ ਬਣਦਾ ਜਿਸ ਤੋਂ ਮੈਂ ਫੀਸ ਲੈ ਰੱਖੀ ਸੀ। ਹੋ ਸਕਦਾ ਹੈ ਬਹਿਸ ਅੱਧੀ ਰਹਿਣ ਕਰਕੇ ਉਸ ਨੂੰ ਹਾਨੀ ਹੁੰਦੀ। ਮਰਨ ਵਾਲੀ ਨੇ ਤਾਂ ਹੁਣ ਕਦੇ ਆਉਣਾ ਨਹੀਂ। ਮੈਂ ਭਾਵਨਾ ਵਿੱਚ ਵਹਿ ਕੇ ਆਪਣੇ ਫਰਜ਼ ਤੋਂ ਕਿਉਂ ਮੂੰਹ ਮੋੜਦਾ? ਮੇਰੀ ਨਜ਼ਰ ਵਿੱਚ ਫਰਜ਼ ਮਹਾਨ ਹੈ, ਭਾਵਨਾ ਤਾਂ ਥੁੜਚਿਰੀ ਹੁੰਦੀ ਹੈ। ਮੈਂ ਜੀਵਨ ਵਿੱਚ ਫਰਜ਼ ਨੂੰ ਮਹੱਤਵ ਦਿੰਦਾ ਹਾਂ, ਭਾਵਨਾ ਨੂੰ ਨਹੀਂ।

ਸਾਰੇ ਵਕੀਲ ਉਹਨਾਂ ਦੀ ਗੱਲ ਸੁਣ ਕੇ ਹੈਰਾਨ ਰਹਿ ਗਏ।

ਅਸਲੀਅਤ ਵੀ ਇਹੀ ਹੈ – ਭਾਵਨਾ ਵਿੱਚ ਵਹਿ ਜਾਣ ਵਾਲੇ ਲੋਕ ਜੀਵਨ ਦੀਆਂ ਸਫਲਤਾਵਾਂ ਤੋਂ ਹੱਥ ਧੋ ਬੈਠਦੇ ਹਨ। ■



# ਤਿੱਤਲੀਆਂ ਦਾ ਅਨੋਖਾ ਸੰਸਾਰ

– ਵਿਦਿਆ ਪ੍ਰਕਾਸ਼

ਬਗੀਚਿਆਂ ਵਿੱਚ ਫੁੱਲਾਂ ਤੇ ਮੰਡਰਾਉਣ ਵਾਲੀਆਂ ਰੰਗ-ਬਿਰੰਗੀਆਂ ਅਤੇ ਸੁੰਦਰ ਖੰਭਦਾਰ ਤਿੱਤਲੀਆਂ ਵੇਖਣ ਵਿੱਚ ਤਾਂ ਦਿਲ-ਖਿਚਵੀਆਂ ਹੁੰਦੀਆਂ ਹੀ ਹਨ, ਉਹ ਪਰਾਗੀਕਰਨ ਦੇ ਮਾਧਿਅਮ ਨਾਲ ਨਵੇਂ ਪੌਦਿਆਂ ਦੇ ਵੱਧਣ-ਫੁੱਲਣ ਅਤੇ ਬੀਜ਼ਾਂ ਦੇ ਪੁੰਗਰਣ ਵਿੱਚ ਵੀ ਸਹਾਇਕ ਹੁੰਦੀਆਂ ਹਨ।

ਇਹਨਾਂ ਤਿੱਤਲੀਆਂ ਦੇ ਜਨਮ ਅਤੇ ਵਿਕਾਸ ਦੀ ਕਿਰਿਆ ਰੋਚਕ ਹੈ ਅਤੇ ਆਂਡੇ ਤੋਂ ਬਾਲਗ ਤਿੱਤਲੀ ਬਣਨ ਤੱਕ ਇਸ ਕੀੜੇ ਨੂੰ ਚਾਰ ਹਾਲਾਤਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਬਨਸਪਤੀ ਵਿਗਿਆਨ ਦੀ ਭਾਸ਼ਾ ਵਿੱਚ ਇਸ ਕਿਰਿਆ ਨੂੰ ਮੇਟਾਮੋਰਫੋਸਿਸ (ਤਬਦੀਲੀ) ਕਿਹਾ ਜਾਂਦਾ ਹੈ। ਇਸ ਤਬਦੀਲੀ ਦੀ ਕਿਰਿਆ ਦੇ ਹਰੇਕ ਪੜਾਅ ਵਿੱਚ ਉਸ ਦੇ ਆਕਾਰ ਰੰਗ ਅਤੇ ਜੈਵਿਕ ਰਚਨਾ ਵਿੱਚ ਬਿਲਕੁਲ ਤਬਦੀਲੀ ਆ ਜਾਂਦੀ ਹੈ। ਤਿੱਤਲੀ ਦੇ ਰੁੱਖਾਂ ਅਤੇ ਟਹਿਣੀਆਂ ਦੇ ਹਰੇ ਪੱਤਿਆਂ ਤੇ ਰੇਂਗਣ ਵਾਲੇ ਬੱਚੇ ਨੂੰ ਵੇਖ ਕੇ ਵਿਅਕਤੀ ਅੰਦਾਜ਼ਾ ਵੀ ਨਹੀਂ ਲਾ ਸਕਦਾ ਕਿ ਇੱਕ ਦਿਨ ਇਹ ਸੁੰਦਰ ਤਿੱਤਲੀ ਦੀ ਸ਼ਕਲ ਵਿੱਚ ਇੰਦਰਧਨੁਸ਼ੀ ਖੰਭ ਫੜਫੜਾਉਂਦੇ ਹੋਏ ਫੁੱਲ ਤੇ ਮੰਡਰਾਏਗਾ।

ਮਾਦਾ ਤਿੱਤਲੀ ਕਿਸੇ ਅਜਿਹੇ ਪੌਦੇ ਜਾਂ ਰੁੱਖ ਤੇ ਆਪਣੇ ਆਂਡੇ ਦਿੰਦੀ ਹੈ ਜਿਸ ਦੀਆਂ ਪੱਤੀਆਂ ਉਸ ਦੇ ਬੱਚੇ ਜਿਸ ਨੂੰ ਅੰਗ੍ਰੇਜ਼ੀ ਵਿੱਚ 'ਕੈਟਰਪਿਲਰ' ਅਤੇ ਹਿੰਦੀ ਵਿੱਚ 'ਇੱਲੀ' ਕਿਹਾ ਜਾਂਦਾ ਹੈ, ਦੇ ਲਈ ਵਧੀਆ ਖੁਰਾਕ ਸਾਬਿਤ ਹੋਵੇ। ਕੁੱਝ ਸਮੇਂ ਦੇ ਬਾਅਦ ਕੈਟਰਪਿੱਲਰ ਆਂਡਿਆਂ ਵਿੱਚੋਂ ਬਾਹਰ ਆ ਜਾਂਦੇ ਹਨ ਅਤੇ ਫਿਰ ਸ਼ੁਰੂ ਹੈ ਉਸ ਦਾ ਜੀਵਨ ਚੱਕਰ। ਆਂਡਿਆਂ ਤੋਂ ਬਾਹਰ ਆਉਣ ਵਾਲਾ ਕੈਟਰਪਿੱਲਰ ਬਹੁਤ ਭੁੱਖੜ ਹੁੰਦਾ ਹੈ ਅਤੇ

ਹਰੀ ਪੱਤੀਆਂ ਤੋਂ ਭੋਜਨ ਗ੍ਰਹਿਣ ਕਰਕੇ ਬਹੁਤ ਤੇਜ਼ੀ ਨਾਲ ਵੱਧਦਾ ਹੈ। ਇਸ ਦਾ ਸਰੀਰਕ ਵਾਧਾ ਐਨੀ ਤੇਜ਼ੀ ਨਾਲ ਹੁੰਦਾ ਹੈ ਕਿ ਮੋਟਾਪੇ ਨਾਲ ਕੈਟਰਪਿੱਲਰ ਦੀ ਚਮੜੀ ਫੱਟ ਜਾਂਦੀ ਹੈ। ਚਮੜੀ ਫੱਟਣ ਨਾਲ ਉਸ ਦੀ ਜਾਨ ਨੂੰ ਕੋਈ ਖਤਰਾ ਨਹੀਂ ਹੁੰਦਾ। ਕੁਦਰਤ ਨੇ ਅਜਿਹੀ ਵਿਵਸਥਾ ਕਰ ਰੱਖੀ ਹੈ ਕਿ ਬਚਪਨ ਦੀ ਬਾਹਰੀ ਚਮੜੀ ਦੇ ਹੇਠਾਂ ਲੁਕੀ ਨਵੀਂ ਚਮੜੀ ਸਾਹਮਣੇ ਆ ਜਾਂਦੀ ਹੈ। ਜਿਸ ਵਿੱਚ ਉਸ ਦੇ ਵਧਦੇ ਸਰੀਰ ਦਾ ਭਾਰ ਅਤੇ ਵਿਸਥਾਰ ਸੰਭਾਲਣ ਦੀ ਵਧੇਰੇ ਤਾਕਤ ਪਾਈ ਜਾਂਦੀ ਹੈ।

ਹਰ ਕੈਟਰਪਿੱਲਰ ਆਪਣੇ ਚਾਰੇ ਪਾਸੇ ਇੱਕ ਕਠੋਰ ਜਿਹਾ ਖੋਲ੍ਹ ਬਣਾਉਂਦਾ ਹੈ ਜਿਸ ਨੂੰ ਬੋਟਨੀ ਦੀ ਸ਼ਬਦਾਵਲੀ ਵਿੱਚ 'ਪਿਊਪਾ' ਕਿਹਾ ਜਾਂਦਾ ਹੈ। ਪਿਊਪਾ ਦੇ ਅੰਦਰ ਇਸ ਦਾ ਸਰੀਰ ਅੱਧਾ ਠੋਸ ਅਵਸਥਾ ਵਿੱਚ ਤਬਦੀਲ ਹੋ ਜਾਂਦਾ ਹੈ। ਪਿਊਪਾ ਆਪਣੇ ਅੰਦਰ ਉਸ ਦੇ ਸਰੀਰ ਨੂੰ ਕਿਸੇ ਮਜ਼ਬੂਤ ਤਿਜ਼ੋਰੀ ਦੀ ਤਰ੍ਹਾਂ ਸੰਭਾਲੀ ਅਤੇ ਬਾਹਰੀ ਪ੍ਰਭਾਵਾਂ ਤੋਂ ਬਚਾਈ ਰੱਖਦਾ ਹੈ ਤਾਂਕਿ ਇਸ ਵਿੱਚ ਹੋਣ ਵਾਲੀਆਂ ਨਵੀਆਂ ਤਬਦੀਲੀਆਂ ਦੇ ਦੌਰਾਨ ਉਹ ਕਿਸੇ ਬਾਹਰੀ ਨੁਕਸਾਨ ਅਤੇ ਖਤਰਿਆਂ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਰਹਿ ਸਕੇ।

ਪਿਊਪਾ ਦੇ ਅੰਦਰ ਮੌਜੂਦ ਕੀੜੇ ਦਾ ਅੱਧਾ ਠੋਸ ਸਰੀਰ ਲੜੀਵਾਰ ਤਿੱਤਲੀ ਦੇ ਰੂਪ ਵਿੱਚ ਤਬਦੀਲ ਹੋਣ ਲੱਗਦਾ ਹੈ। ਜਦ ਪਿਊਪਾ ਅਤੇ ਅੰਦਰ ਮੌਜੂਦ ਤਿੱਤਲੀ ਇਸ ਨੂੰ ਤੋੜ ਕੇ ਬਾਹਰ ਨਿਕਲਦੀ ਹੈ ਤਾਂ ਉਸ ਦੇ ਖੰਭ ਕਾਫੀ ਨਰਮ ਅਤੇ ਸੁੰਘੜੇ ਹੋਏ ਹੁੰਦੇ ਹਨ। ਸੂਰਜ ਦੀ ਗਰਮੀ ਵਿੱਚ ਇਸ ਦੇ ਖੰਭ ਸੁੱਕ ਕੇ ਫੈਲ ਜਾਂਦੇ ਹਨ ਅਤੇ ਮਜ਼ਬੂਤ ਵੀ ਹੋ ਜਾਇਆ ਕਰਦੇ ਹਨ। ਇਸ ਦੇ ਕੁੱਝ ਹੀ ਘੰਟਿਆਂ ਬਾਅਦ ਇੱਕ ਛੋਟੀ ਜਿਹੀ ਤਿੱਤਲੀ ਬਗੀਚਿਆਂ ਵਿੱਚ ਟਹਿਣੀਆਂ ਤੇ ਮੰਡਰਾਉਣ ਅਤੇ ਫੁੱਲਾਂ ਦੇ ਅੰਮ੍ਰਿਤ ਪੀਣ ਲਈ ਤਿਆਰ ਹੋ ਜਾਂਦੀ ਹੈ।

ਮਾਦਾ ਤਿੱਤਲੀ ਆਪਣੇ ਸੰਪੂਰਣ ਜੀਵਨਕਾਲ ਵਿੱਚ 50,000 ਤੋਂ ਵੱਧ ਆਂਡੇ ਦਿੰਦੀ ਹੈ। ਇੱਕ ਫੁੱਲ ਤੋਂ ਦੂਸਰੇ ਫੁੱਲ ਤੱਕ ਉਡ-ਉਡ ਕੇ ਅੰਮ੍ਰਿਤ ਪੀਣ ਵਾਲੀਆਂ ਤਿੱਤਲੀਆਂ ਪਰਾਗੀਕਰਨ ਵਿੱਚ ਸਹਾਇਕ ਹੁੰਦੀਆਂ ਹਨ। ਇਹ ਫੁੱਲਾਂ ਦਾ ਮਿੱਠਾ ਰਸ ਸਵਾਦ ਲਈ ਨਹੀਂ ਪੀਂਦੀਆਂ ਬਲਕਿ ਇਸ ਨਾਲ ਉਹਨਾਂ ਨੂੰ ਉਡਣ ਲਈ ਲੋੜੀਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਛੋਟੀ ਜਿਹੀ ਦਿਸਣ ਵਾਲੀ ਤਿੱਤਲੀ ਲੰਮੀ ਦੂਰੀ ਤੱਕ ਉਡਾਨ ਭਰਨ ਵਿੱਚ ਚੈਂਪੀਅਨ ਹੁੰਦੀ ਹੈ। ਹਰ ਸਾਲ ਸਰਦੀਆਂ ਵਿੱਚ ਅਨੁਕੂਲ ਮੌਸਮ ਅਤੇ ਭੋਜਨ ਦੀ ਭਾਲ ਵਿੱਚ 'ਮੋਨਾਰਕ ਬਟਰਫਲਾਈ' ਨਾਮਕ ਤਿੱਤਲੀ ਕਨਾਡਾ ਤੋਂ ਮੈਕਸੀਕੋ ਤੱਕ ਲਗਭਗ 3500 ਕਿਲੋਮੀਟਰ ਲੰਮੀ ਯਾਤਰਾ ਤੇ ਨਿਕਲ ਜਾਂਦੀ ਹੈ। ਉਂਞ ਤਾਂ ਤਿੱਤਲੀ ਬੜੀ ਸ਼ਰੀਫ ਅਤੇ ਸ਼ਾਂਤੀ ਪਸੰਦ ਹੁੰਦੀ ਹੈ ਪਰ ਇਸ ਦੀ ਇੱਕ ਕਿਸਮ 'ਪੀਕਾਕ ਬਟਰਫਲਾਈ' ਸ਼ਿਕਾਰੀ ਚਿੜੀਆਂ ਵਿੱਚ ਦਹਿਸ਼ਤ ਪੈਦਾ ਕਰ ਦਿੰਦੀ ਹੈ।

ਦਰਅਸਲ ਜਦੋਂ ਕੋਈ ਸ਼ਿਕਾਰੀ ਚਿੜੀ ਇਸ ਨੂੰ ਖਾਣ ਦੀ ਲਾਲਚ ਵਿੱਚ ਨੇੜੇ ਆਉਂਦੀ ਹੈ ਤਾਂ ਉਹ ਆਪਣੇ ਖੰਭ ਫੈਲਾ ਦਿੰਦੀ ਹੈ ਜੋ ਦੋ ਖਤਰਨਾਕ ਘੂਰਣ ਵਾਲੀਆਂ ਅੱਖਾਂ ਵਾਂਗ ਦਿੱਸਦੇ ਹਨ। ■







# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਬੰਦੂਕ ਦੀ ਗੋਲੀ ਨਿਸ਼ਾਨੇ ਤੇ ਟਕਰਾਉਣ ਤੇ ਗਰਮ ਕਿਉਂ ਹੋ ਜਾਂਦੀ ਹੈ?

**ਉੱਤਰ :** ਜਦ ਬੰਦੂਕ ਵਿੱਚੋਂ ਗੋਲੀ ਨਿਕਲਦੀ ਹੈ ਤਾਂ ਉਸਦਾ ਵੇਗ ਬਹੁਤ ਜ਼ਿਆਦਾ ਹੁੰਦਾ ਹੈ। ਇਸੇ ਕਾਰਣ ਕਰਕੇ ਗੋਲੀ ਵਿੱਚ ਊਰਜਾ ਵੀ ਜ਼ਿਆਦਾ ਰਹਿੰਦੀ ਹੈ। ਦੂਸਰੇ ਪਾਸੇ ਗੋਲੀ ਨਿਸ਼ਾਨੇ ਨਾਲ ਟਕਰਾਉਂਦੇ ਹੀ ਆਪਣੀ ਊਰਜਾ ਗਵਾ ਦਿੰਦੀ ਹੈ। ਨਾਲ ਹੀ ਉਸ ਦਾ ਵੇਗ ਵੀ ਜ਼ੀਰੋ ਹੋ ਜਾਂਦਾ ਹੈ। ਨਤੀਜੇਵਜੋਂ, ਬੰਦੂਕ ਦੀ ਗੋਲੀ ਨਿਸ਼ਾਨੇ ਨਾਲ ਟਕਰਾਉਣ ਤੇ ਗਰਮ ਹੋ ਜਾਂਦੀ ਹੈ।

**ਪ੍ਰਸ਼ਨ :** ਗਿਲੇ ਕੱਪੜੇ ਫੈਲਾ ਕੇ ਪਾਉਣ ਨਾਲ ਛੇਤੀ ਕਿਉਂ ਸੁੱਕ ਜਾਂਦੇ ਹਨ?

**ਉੱਤਰ :** ਵਾਸ਼ਪੀਕਰਣ ਦੀ ਗਤੀ ਉਸ ਦੇ ਤਲ ਤੇ ਨਿਰਭਰ ਕਰਦੀ ਹੈ। ਗਿੱਲੇ ਕੱਪੜਿਆਂ ਵਿੱਚ ਪਾਣੀ ਹੁੰਦਾ ਹੈ। ਜਦ ਕਪੜਿਆਂ ਨੂੰ ਫੈਲਾ ਦਿੱਤਾ ਜਾਂਦਾ ਹੈ ਤਾਂ ਵਾਸ਼ਪੀਕਰਣ ਖੁੱਲ੍ਹੇ ਤਲ ਤੇ ਹੁੰਦਾ ਹੈ ਜਿਸ ਨਾਲ ਵਾਸ਼ਪੀਕਰਣ ਦੀ ਗਤੀ ਵੱਧ ਜਾਂਦੀ ਹੈ। ਇਸੇ ਕਾਰਣ ਗਿੱਲੇ ਕੱਪੜੇ ਫੈਲਾ ਕੇ ਪਾਏ ਜਾਂਦੇ ਹਨ ਤਾਂਕਿ ਉਹ ਛੇਤੀ ਸੁੱਕ ਸਕਣ।

**ਪ੍ਰਸ਼ਨ :** ਟਿਊਬਲਾਇਟ ਦੀ ਰੋਸ਼ਨੀ ਵਿੱਚ ਛੱਤ ਦਾ ਪੱਖਾ ਉਲਟਾ ਘੁੰਮਦਾ ਹੋਇਆ ਵਿਖਾਈ ਕਿਉਂ ਦਿੰਦਾ ਹੈ?

**ਉੱਤਰ :** ਰਾਤ ਨੂੰ ਆਪਣੇ ਕਮਰੇ ਵਿੱਚ ਤੁਸੀਂ ਜਿਹੜੀ ਟਿਊਬਲਾਇਟ ਜਗਾਉਂਦੇ ਹੋ, ਉਸ ਵਿੱਚੋਂ ਪ੍ਰਕਾਸ਼ ਦੀਆਂ ਕਿਰਨਾਂ ਰੁੱਕ-ਰੁੱਕ ਕੇ ਨਿਕਲਦੀਆਂ ਹਨ ਪਰ ਤੁਹਾਨੂੰ ਇਸ ਦਾ ਅਨੁਭਵ ਨਹੀਂ ਹੁੰਦਾ। ਤੁਹਾਨੂੰ ਤਾਂ ਬਸ ਟਿਊਬਲਾਇਟ ਵਿੱਚੋਂ ਲਗਾਤਾਰ ਰੋਸ਼ਨੀ ਨਿਕਲਦੀ ਪ੍ਰਤੀਤ ਹੁੰਦੀ ਹੈ। ਜਦ ਪੱਖੇ ਦੇ ਬਲੇਡਾਂ ਦੇ ਘੁੰਮਣ ਦੀ ਗਤੀ ਟਿਊਬਲਾਇਟ ਤੋਂ ਨਿਕਲਣ ਵਾਲੀ ਰੋਸ਼ਨੀ ਦੀ ਗਤੀ ਤੋਂ ਘੱਟ ਜਾਂ ਜ਼ਿਆਦਾ ਹੋ ਜਾਂਦੀ ਹੈ ਤਾਂ ਛੱਤ ਦਾ ਪੱਖਾ ਉਲਟਾ ਘੁੰਮਦਾ ਹੋਇਆ ਦਿਖਾਈ ਦਿੰਦਾ ਹੈ।

**ਪ੍ਰਸ਼ਨ :** ਬਿਜਲੀ ਦੇ ਉਪਕਰਣਾਂ ਵਿੱਚ ਤਿੰਨ ਮੂੰਹ ਵਾਲਾ ਪਲੱਗ ਹੀ ਕਿਉਂ ਇਸਤੇਮਾਲ ਕੀਤਾ ਜਾਂਦਾ ਹੈ?

**ਉੱਤਰ :** ਤਿੰਨ ਮੂੰਹ ਵਾਲੇ ਪਲੱਗ ਵਿੱਚ ਇੱਕ ਪਿੰਨ ਮੋਟੀ ਹੁੰਦੀ ਹੈ ਅਤੇ ਬਾਕੀ ਦੋ ਪਿੰਨ ਬਰੀਕ। ਮੋਟੀ ਪਿੰਨ ਨਾਲ ਉਪਕਰਣ ਦੀ ਧਾਤੂ ਦਾ ਢਾਂਚਾ ਭੂਮੀ ਦੇ ਸੰਪਰਕ ਵਿੱਚ ਆ ਜਾਂਦਾ ਹੈ ਜਿਸ ਨਾਲ ਬਿਜਲੀ ਦਾ ਝਟਕਾ ਲੱਗਣ ਦੀ ਸੰਭਾਵਨਾ ਘੱਟ ਰਹਿੰਦੀ ਹੈ। ਸੁਰੱਖਿਆ ਦੀ ਦ੍ਰਿਸ਼ਟੀ ਨੂੰ ਮੱਦੇਨਜ਼ਰ ਰੱਖਦੇ ਹੋਏ ਜ਼ਿਆਦਾਤਰ ਤਿੰਨ ਮੂੰਹ ਵਾਲੇ ਪਲੱਗ ਪ੍ਰਚਲਨ ਵਿੱਚ ਰਹਿੰਦੇ ਹਨ।

**ਪ੍ਰਸ਼ਨ :** ਠੰਡੇ ਸਥਾਨਾਂ ਤੇ ਮਕਾਨ ਲੱਕੜੀ ਦੇ ਕਿਉਂ ਬਣਾਏ ਜਾਂਦੇ ਹਨ?

**ਉੱਤਰ :** ਲੱਕੜੀ ਗਰਮੀ ਦੀ ਕੁਚਾਲਕ ਹੈ। ਕੁਚਾਲਕ ਪਦਾਰਥਾਂ ਦਾ ਇਹ ਗੁਣ ਹੁੰਦਾ ਹੈ ਕਿ ਉਹ ਅੰਦਰ ਦੀ ਗਰਮੀ ਨੂੰ ਬਾਹਰ ਨਹੀਂ ਜਾਣ ਦਿੰਦੇ ਅਤੇ ਬਾਹਰ ਦੀ ਗਰਮੀ ਨੂੰ ਅੰਦਰ ਨਹੀਂ ਆਉਣ ਦਿੰਦੇ। ਇਹੀ ਕਾਰਣ ਹੈ ਕਿ ਠੰਡੇ ਸਥਾਨਾਂ ਤੇ ਮਕਾਨ ਹਮੇਸ਼ਾਂ ਲਕੜੀ ਦੇ ਬਣਾਏ ਜਾਂਦੇ ਹਨ ਤਾਂਕਿ ਠੰਡ ਵਿੱਚ ਵੀ ਮਕਾਨ ਗਰਮ ਰਹਿ ਸਕਣ। ■



# ਜਾਗੋ ਬੱਚਿਉ ਹੋਇਆ ਸਵੇਰਾ

– ਜੀ.ਪੀ. ਸ਼ਰਮਾ

*ਜਾਗੋ ਬੱਚਿਉ ਹੋਇਆ ਸਵੇਰਾ,*
*ਮਿੱਠੇ ਗੀਤ ਗਾਉਂਦੀਆਂ ਚਿੜੀਆਂ।*

*ਪੂਰਬ ਦਿਸ਼ਾ ਵਿੱਚ ਛਾਈ ਲਾਲੀ,*
*ਚਾਰੇ ਪਾਸੇ ਰੋਸ਼ਨੀ ਫੈਲੀ।*
*ਸਤਿਰੰਗੀ ਕਿਰਨਾਂ ਨੂੰ ਲੈ ਕੇ,*
*ਸੂਰਜ ਚੜ੍ਹਿਆ ਹੋਇਆ ਦੂਰ ਹਨ੍ਹੇਰਾ।*
*ਜਾਗੋ ਬੱਚਿਉ ਹੋਇਆ ਸਵੇਰਾ।*

*ਵੇਖੋ ਟਹਿਣੀ-ਟਹਿਣੀ ਡੋਲ ਰਹੀ ਹੈ,*
*ਕਾਲੀ ਕੋਇਲ ਬੋਲ ਰਹੀ ਹੈ।*
*ਆਪਣੀ ਬੋਲੀ ਵਿੱਚ ਉਹ ਤੁਹਾਨੂੰ..,*
*ਰਹਿ ਰਹਿ ਕੇ ਦਿੰਦੀ ਸੁਰ-ਬਥੇਰਾ।*
*ਜਾਗੋ ਬੱਚਿਉ ਹੋਇਆ ਸਵੇਰਾ।*

*ਤੁਸੀਂ ਵੀ ਜਾਗੋ ਅੱਖਾਂ ਖੋਲ੍ਹੋ,*
*ਆਪਣੀ ਭਾਸ਼ਾ ਵਿੱਚ ਕੁੱਝ ਬੋਲੋ।*
*ਜਗ ਤੇ ਹੋਣ ਵਾਲਾ ਹੈ ਤੁਹਾਡਾ,*
*ਇੱਕ ਤੋਂ ਇੱਕ ਰੁਤਬਾ ਉਚੇਰਾ।*
*ਜਾਗੋ ਬੱਚਿਉ ਹੋਇਆ ਸਵੇਰਾ।*

*ਮਨ ਦੇ ਨਿਰਮਲ, ਸਾਫ਼ ਸਲੌਣੇ,*
*ਨਿਤ ਹੀ ਨਵੇਂ ਅਨੋਖੇ ਖਿਲੌਣੇ।*
*ਭੇਦ ਨਹੀਂ ਉਚ-ਨੀਚ ਦਾ,*
*ਰੱਬ ਵਰਗਾ ਬਾਲ-ਰੂਪੀ ਚਿਹਰਾ।*
*ਜਾਗੋ ਬੱਚਿਉ ਹੋਇਆ ਸਵੇਰਾ।*

# ਅਜ਼ਾਦੀ ਸਾਰਿਆਂ ਨੂੰ ਪਿਆਰੀ

– ਬਲਤੇਜ਼ ਕੋਮਲ




ਸਮੀਰ ਬੇਹੱਦ ਸ਼ਰਾਰਤੀ ਬੱਚਾ ਸੀ। ਸ਼ਰਾਰਤੀ ਹੋਣ ਦੇ ਨਾਲ-ਨਾਲ ਉਸ ਵਿੱਚ ਇੱਕ ਖਰਾਬ ਆਦਤ ਇਹ ਵੀ ਸੀ ਕਿ ਉਹ ਬੇਕਸੂਰ ਪੰਛੀਆਂ ਨੂੰ ਬੇਵਜ੍ਹਾ ਹੀ ਦੁੱਖ ਦਿੰਦਾ ਸੀ। ਸਮੀਰ ਦੇ ਪਾਪਾ ਇੱਕ ਲੇਖਕ ਸਨ, ਉਹ ਪੰਛੀਆਂ ਨੂੰ ਬਹੁਤ ਪਿਆਰ ਕਰਦੇ ਸਨ। ਉਹਨਾਂ ਨੇ ਪੰਛੀਆਂ ਦੇ ਰਹਿਣ-ਸਹਿਣ ਤੇ ਇੱਕ ਪੁਸਤਕ ਵੀ ਲਿਖੀ ਸੀ।


ਸਮੀਰ ਦੇ ਪਾਪਾ ਨੇ ਸਮੀਰ ਨੂੰ ਕਈ ਵਾਰ ਸਮਝਾਇਆ ਕਿ ਵੇਖ ਸਮੀਰ ਪੁੱਤਰ, ਤੂੰ ਇਹਨਾਂ ਪੰਛੀਆਂ ਨੂੰ ਬੇਵਜ੍ਹਾ ਦੁੱਖੀ ਨਾ ਕਰਿਆ ਕਰ। ਇਹਨਾਂ ਨੇ ਤੇਰਾ ਕੀ ਵਿਗਾੜਿਆ ਹੈ, ਜੋ ਤੂੰ ਹੱਥ ਧੋ ਕੇ ਇਹਨਾਂ ਦੇ ਪਿੱਛੇ ਪਿਆ ਰਹਿੰਦਾ ਹੈ?

ਪਰ ਸਮੀਰ ਆਪਣੇ ਪਿਤਾ ਵੱਲੋਂ ਦਿੱਤੀ ਨਸੀਹਤ ਤੇ ਬਿਲਕੁਲ ਅਮਲ ਨਾ ਕਰਦਾ। ਉਹ ਅਕਸਰ ਪੰਛੀਆਂ ਨੂੰ ਫਸਾਉਣ ਦੇ ਨਵੇਂ-ਨਵੇਂ ਤਰੀਕੇ ਸੋਚਦਾ ਰਹਿੰਦਾ। ਕਈ ਵਾਰ ਉਹ ਆਪਣੇ ਘਰ ਦੀਆਂ ਸਾਰੀਆਂ ਖਿੜਕੀਆਂ, ਦਰਵਾਜ਼ੇ ਬੰਦ ਕਰਕੇ ਚਿੜੀਆਂ ਨੂੰ ਫੜਦਾ ਅਤੇ ਉਹਨਾਂ ਨੂੰ ਪਿੰਜਰੇ ਵਿੱਚ ਕੈਦੀ ਬਣਾ ਕੇ ਉਹਨਾਂ ਦਾ ਤਮਾਸ਼ਾ ਵੇਖਦਾ ਰਹਿੰਦਾ। ਉਹ ਕਦੇ ਉਹਨਾਂ ਦੇ ਅੱਗੇ ਰੋਟੀ ਦਾ ਟੁਕੜਾ ਰੱਖਦਾ ਅਤੇ ਕਦੇ ਉਹਨਾਂ ਦੇ ਅੱਗੇ ਪਾਣੀ ਦੀ ਕੌਲੀ ਰੱਖਦਾ। ਪਰ ਕੈਦੀ ਚਿੜੀ ਨਾ ਕੁੱਝ ਖਾਂਦੀ, ਨਾ ਕੁੱਝ ਪੀਂਦੀ। ਉਹ ਭੁੱਖੀ ਪਿਆਸੀ ਸਮੀਰ ਦੇ ਪਿੰਜਰੇ ਵਿੱਚ ਦਮ ਤੋੜ ਦਿੰਦੀ। ਅਗਲੇ ਦਿਨ ਸਮੀਰ ਫਿਰ ਕੋਈ ਦੂਸਰਾ ਪੰਛੀ ਫੜਦਾ ਅਤੇ ਉਸ ਨਾਲ ਵੀ ਉਹੀ ਸਲੂਕ ਕਰਦਾ। ਇੱਕ ਦਿਨ ਉਸ ਨੇ ਗਟਾਰ ਦੇ ਆਲ੍ਹਣੇ ਵਿੱਚੋਂ ਉਸ ਦੇ ਦੋ ਮਸੂਮ ਬੱਚਿਆਂ ਨੂੰ ਫੜ ਲਿਆ। ਆਦਤ ਦੇ ਅਨੁਸਾਰ ਉਹਨਾਂ ਨੂੰ ਪਿੰਜਰੇ ਵਿੱਚ ਬੰਦ ਕਰਕੇ ਉਹ ਖੁਸ਼ ਹੋ ਰਿਹਾ ਸੀ।

ਕੁੱਝ ਦੇਰ ਬਾਦ ਜਦ ਗਟਾਰ ਆਈ ਤੇ ਆਪਣੇ ਬੱਚਿਆਂ ਨੂੰ ਆਲ੍ਹਣੇ ਵਿੱਚ ਨਾ ਵੇਖ ਕੇ ਬਹੁਤ ਘਬਰਾ ਗਈ। ਉਸ ਨੇ ਬੱਚਿਆਂ ਨੂੰ ਲੱਭਣ ਲਈ ਇਧਰ-ਉਧਰ ਵੇਖਿਆ। ਛੇਤੀ ਹੀ ਉਸ ਨੂੰ ਆਪਣੇ ਬੱਚੇ ਸਮੀਰ ਦੇ ਪਿੰਜਰੇ ਵਿੱਚ ਨਜ਼ਰ ਆ ਗਏ। ਉਹ ਚਿੰਤਤ ਹੋ ਗਈ ਅਤੇ ਭਰੀਆਂ ਅੱਖਾਂ ਨਾਲ ਜ਼ੋਰ-ਜ਼ੋਰ ਨਾਲ ਰੌਲਾ ਪਾਉਣ ਲੱਗੀ।

ਗਟਾਰ ਦੀ ਚੀਕ-ਚਿਹਾੜ ਸੁਣ ਕੇ ਉਥੇ ਬਹੁਤ ਸਾਰੇ ਪੰਛੀ, ਤੋਤੇ, ਕਬੂਤਰ, ਮੈਨਾ ਅਤੇ ਕਾਂ ਆਦਿ ਆ ਗਏ। ਸਾਰਿਆਂ ਨੇ ਇੱਕਠੇ ਹੋ ਕੇ ਬੱਚਿਆਂ ਨੂੰ ਆਜ਼ਾਦ ਕਰਾਉਣ ਦੀ ਕੋਸ਼ਿਸ਼ ਕੀਤੀ। ਪਰ ਸਾਰੇ ਪੰਛੀ ਬੇਬੱਸ ਰਹੇ ਕਿਉਂਕਿ ਸਮੀਰ ਦੇ ਹੱਥ ਵਿੱਚ ਡੰਡਾ ਸੀ। ਆਪਣੇ ਵਿਹੜੇ ਵਿੱਚ ਐਨੇ ਪੰਛੀ ਵੇਖ ਕੇ ਉਹ ਆਪਣੇ ਆਪ ਨੂੰ 'ਤੀਸਮਾਰ ਖਾਂ' ਸਮਝ ਰਿਹਾ ਸੀ। ਸਮੀਰ ਨੂੰ ਭੁੱਖ ਨੇ ਸਤਾਇਆ ਤਾਂ ਉਹ ਖਾਣਾ ਖਾਣ ਲਈ ਅੰਦਰ ਗਿਆ। ਉਸ ਨੇ ਪਿੰਜਰਾ ਵੀ ਚੁੱਕ ਕੇ ਅੰਦਰ ਰੱਖ ਦਿੱਤਾ ਸੀ। ਸਾਰੇ ਪੰਛੀ ਚਲੇ ਗਏ ਸਨ। ਹੁਣ ਉਥੇ ਸਿਰਫ ਬੱਚਿਆਂ ਦੀ ਮਾਂ ਹੀ ਇੱਕਲੀ ਸੀ। ਉਹ ਲਗਾਤਾਰ





ਰੋ ਰਹੀ ਸੀ। ਸ਼ਾਇਦ ਉਸ ਨੂੰ ਅਜੇ ਵੀ ਉਮੀਦ ਸੀ ਕਿ ਉਹ ਲੜਕਾ ਉਸ ਦੇ ਬੱਚਿਆਂ ਨੂੰ ਅਜ਼ਾਦ ਕਰ ਦਏਗਾ।

ਸਮੀਰ ਦੇ ਖਾਣਾ ਖਾਂਦੇ-ਖਾਂਦੇ ਉਸ ਦਾ ਪਿਆਰਾ ਮਿੱਤਰ ਅਤੇ ਸਹਿਪਾਠੀ ਅਭੀਤੋਜ਼, ਸਮੀਰ ਦੇ ਕੋਲ ਆਇਆ। ਦੋ ਮਾਸੂਮ ਪੰਛੀਆਂ ਨੂੰ ਪਿੰਜਰੇ ਵਿੱਚ ਬੰਦ ਵੇਖ ਕੇ ਉਹ ਬਹੁਤ ਦੁੱਖੀ ਹੋਇਆ ਸਮੀਰ ਦੀ ਅਜਿਹੀ ਘਟੀਆ ਹਰਕਤ ਤੇ ਅਭੀਤੋਜ ਨੂੰ ਬਹੁਤ ਪੀੜ ਹੋਈ। ਉਸ ਨੇ ਸਮੀਰ ਨੂੰ ਕਿਹਾ – ''ਤੂੰ ਬੜਾ ਜਾਲਿਮ ਅਤੇ ਅੱਤਿਆਚਾਰੀ ਹੈ। ਇਹਨਾਂ ਪੰਛੀਆਂ ਨੇ ਤੇਰਾ ਕੀ ਵਿਗਾੜਿਆ ਹੈ ਜੋ ਤੂੰ ਇਹਨਾਂ ਨੂੰ ਕੈਦੀ ਬਣਾ ਕੇ ਰੱਖਿਆ ਹੈ?''

'ਮੈਂ ਅੱਤਿਆਚਾਰੀ ਨਹੀਂ ਹਾਂ? ਮੈਂ ਤਾਂ ਇਹਨਾਂ ਨੂੰ ਦਾਣਾ-ਪਾਣੀ ਵੀ ਦਿੰਦਾ ਹਾਂ। ਜੇਕਰ ਇਹ ਹੀ ਕੁੱਝ ਖਾਂਦੇ-ਪੀਂਦੇ ਨਹੀਂ ਤਾਂ ਇਸ ਵਿੱਚ ਮੇਰਾ ਕੀ ਕਸੂਰ ਹੈ। ਤੈਨੂੰ ਮੇਰੇ ਤੇ ਇਤਬਾਰ ਨਹੀਂ ਤਾਂ ਖੁਦ ਵੇਖ ਸਕਦਾ ਹੈ।'' ਐਨਾ ਕਹਿ ਕੇ ਸਮੀਰ ਪਿੰਜਰਾ ਲੈ ਕੇ ਬਾਹਰ ਆ ਗਿਆ।

ਅਭੀਤੋਜ ਸਮੀਰ ਦੀ ਮੂਰਖਤਾ ਨੂੰ ਸਮਝ ਚੁੱਕਾ ਸੀ। ਉਸ ਨੇ ਸੋਚਿਆ- ਜੇਕਰ ਸਮੀਰ ਨੂੰ ਗੁੱਸੇ ਨਾਲ ਸਮਝਾਇਆ ਤਾਂ ਸ਼ਾਇਦ ਉਹ ਨਾ ਮੰਨੇ। ਚਲੋ ਇਸ ਨੂੰ ਪਿਆਰ ਨਾਲ ਸਮਝਾ ਕੇ ਵੇਖਦੇ ਹਾਂ।

ਉਸ ਨੇ ਸਮੀਰ ਨੂੰ ਬੜੇ ਪਿਆਰ ਨਾਲ ਕਿਹਾ- ''ਵੇਖ ਸਮੀਰ! ਜਿਸ ਤਰ੍ਹਾਂ ਇਹਨਾਂ ਬੱਚਿਆਂ ਦੀ ਮਾਂ, ਆਪਣੇ ਬੱਚਿਆਂ ਦੀ ਜੁਦਾਈ ਨਾਲ ਤੜਪ ਰਹੀ ਹੈ, ਈਸ਼ਵਰ ਨਾ ਕਰੇ, ਕੱਲ ਨੂੰ ਕੋਈ ਤੈਨੂੰ ਤੇਰੀ ਮਾਂ ਤੋਂ ਦੂਰ ਲੈ ਜਾਏ ਤਾਂ ਤੇਰੀ ਮਾਂ ਤੇ ਕੀ ਗੁਜ਼ਰੇਗੀ? ਕੀ ਤੂੰ ਆਪਣੀ ਮਾਂ ਦੇ ਬਗੈਰ ਖਾਣਾ ਖਾ ਸਕੇਗਾ? ''ਉਹ ਵੀ ਜਾਲਿਮ ਅਤੇ ਅੱਤਿਆਚਾਰੀ ਲੋਕਾਂ ਦੀ ਕੈਦ ਵਿੱਚ।''

– ਵੇਖੋ ਮਿੱਤਰ, ਹਰ ਪੰਛੀ ਆਜ਼ਾਦ ਰਹਿਣਾ ਚਾਹੁੰਦਾ ਹੈ। ਜਿਸ ਤਰ੍ਹਾਂ ਅਸੀਂ ਆਜ਼ਾਦ ਹਾਂ। ਜੇਕਰ ਤੈਨੂੰ ਪੰਛੀਆਂ ਨਾਲ ਖੇਡਣ ਦਾ ਹੀ ਸ਼ੌਂਕ ਹੈ ਤਾਂ ਤੂੰ ਛੱਤ ਤੇ ਇਹਨਾਂ ਲਈ ਦਾਣਾ ਅਤੇ ਕਿਸੇ ਮਿੱਟੀ ਦੇ ਭਾਂਡੇ ਵਿੱਚ ਪਾਣੀ ਰੱਖ ਸਕਦਾ ਹੈ। ਫਿਰ ਵੇਖਣਾ, ਪੰਛੀਆਂ ਦੇ ਆਉਣ ਨਾਲ ਤੇਰਾ ਵਿਹੜਾ ਕਿੰਨਾ ਸੁੰਦਰ ਹੋ ਜਾਏਗਾ। ਅਭੀਤੋਜ ਦੀਆਂ ਇਹਨਾਂ ਗੱਲਾਂ ਦਾ ਸਮੀਰ ਦੇ ਦਿਲ ਤੇ ਡੂੰਘਾ ਅਸਰ ਹੋਇਆ।

ਉਹ ਮੰਨ ਗਿਆ ਕਿ ਉਹ ਪੰਛੀਆਂ ਤੇ ਜ਼ੁਲਮ ਕਰਦਾ ਰਿਹਾ ਹੈ। ਉਸ ਨੇ ਉਸੇ ਪਲ ਗੁਟਾਰ ਦੇ ਦੋਵਾਂ ਬੱਚਿਆਂ ਨੂੰ ਆਜ਼ਾਦ ਕਰ ਦਿੱਤਾ। ਉਹ ਆਜ਼ਾਦ ਹੋ ਕੇ ਆਪਣੀ ਮਾਂ ਦੇ ਕੋਲ ਪਹੁੰਚ ਗਏ ਸਨ।

ਸਮੀਰ ਨੇ ਆਪਣਾ ਪਿੰਜਰਾ ਵੀ ਤੋੜ ਕੇ ਸੁੱਟ ਦਿੱਤਾ ਸੀ। ■





# ਗਲਤੀ

– ਪ੍ਰਿਯੰਕਾ

ਸਾਹਿਲ ਇਨ੍ਹੀਂ ਦਿਨੀਂ ਖੇਡ-ਕੁੱਦ ਵਿੱਚ ਮਸਤ ਸੀ। ਸਾਲਾਨਾ ਇਮਤਿਹਾਨਾਂ ਵਿੱਚ ਅਜੇ ਕੁੱਝ ਦਿਨ ਬਾਕੀ ਸਨ। ਸਕੂਲ ਵਿੱਚ ਉਸ ਦਾ ਜ਼ਿਆਦਾਤਰ ਸਮਾਂ ਖੇਡ ਦੇ ਮੈਦਾਨ ਵਿੱਚ ਹੀ ਗੁਜ਼ਰਦਾ ਸੀ। ਉਸ ਦੇ ਸਹਿਪਾਠੀ ਉਸ ਨੂੰ ਜ਼ਮਾਤ ਵਿੱਚ ਆਉਣ ਲਈ ਕਹਿੰਦੇ ਤਾਂ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਖੇਡਣ ਵਿੱਚ ਲੱਗ ਜਾਂਦਾ।

ਅਸਲ ਵਿੱਚ ਸਾਹਿਲ ਆਪਣੇ ਆਪ ਨੂੰ ਬਹੁਤ ਹੁਸ਼ਿਆਰ ਸਮਝਦਾ ਸੀ। ਉਸ ਦਾ ਮੰਨਣਾ ਸੀ ਕਿ ਇਮਤਿਹਾਨ ਜਦ ਸਿਰ ਤੇ ਆ ਜਾਣ ਤਦ ਤਿਆਰੀ ਕਰਨੀ ਚਾਹੀਦੀ ਹੈ। ਸਾਹਿਲ ਹੁਣ ਤੱਕ ਅਜਿਹਾ ਹੀ ਕਰਦਾ ਆਇਆ ਸੀ।

ਇੱਕ ਦਿਨ ਸਾਹਿਲ ਆਪਣੇ ਦੋਸਤ ਦੇਵੇਨ ਦੇ ਘਰ ਗਿਆ। ਦੇਵੇਨ ਉਸ ਵਕਤ ਪੜ੍ਹਾਈ ਕਰ ਰਿਹਾ ਸੀ।ਉਸ ਨੂੰ ਪੜ੍ਹਦਾ ਵੇਖ ਕੇ ਸਾਹਿਲ ਪਹਿਲਾਂ ਤਾਂ ਖੂਬ ਹੱਸਿਆ। ਫਿਰ ਬੋਲਿਆ- ਹਾਂਲਾ ਤਾਂ ਇਮਤਿਹਾਨਾਂ ਵਿੱਚ ਕਾਫੀ ਸਮਾਂ ਹੈ। ਇਮਤਿਹਾਨ ਤੋਂ ਇੱਕ ਹਫ਼ਤਾ ਪਹਿਲਾਂ ਪੜ੍ਹਨਾ ਚਾਹੀਦਾ ਹੈ। ਇਸ ਤਰ੍ਹਾਂ ਪੜ੍ਹਿਆ ਹੋਇਆ ਯਾਦ ਰਹਿੰਦਾ ਹੈ।

ਸਾਹਿਲ ਦੇ ਦੋਸਤ ਸਕੂਲ ਵਿੱਚ ਥੋੜ੍ਹਾ-ਬਹੁਤ ਖੇਡਣ ਦੇ ਨਾਲ ਜਮਾਤ ਵਿੱਚ ਪੜਾਈ ਵੀ ਕਰਦੇ ਸਨ ਪਰ ਸਾਹਿਲ ਸਕੂਲ ਵਿੱਚ ਜ਼ਿਆਦਾਤਰ ਖੇਡਦਾ ਹੀ ਰਹਿੰਦਾ ਸੀ। ਜ਼ਮਾਤ ਵਿੱਚ ਵੀ ਉਹ ਧਿਆਨ ਨਾਲ ਨਹੀਂ ਪੜ੍ਹਦਾ ਸੀ। ਸਕੂਲੋਂ ਵਾਪਿਸ ਆਉਂਦਾ ਤਾਂ ਘਰ ਵਿੱਚ 'ਵੀਡੀਓ-ਗੇਮ' ਖੇਡਣ ਲੱਗਦਾ।

ਸ਼ਾਮ ਹੁੰਦੇ ਹੀ ਉਹ ਦੋਸਤਾਂ ਨਾਲ ਮੈਦਾਨ ਵਿੱਚ ਖੇਡਣ ਚਲਾ ਜਾਂਦਾ। ਸਾਹਿਲ ਦੇ ਸਾਰੇ ਦੋਸਤ ਸ਼ਾਮ ਨੂੰ ਇੱਕ-ਦੋ ਘੰਟੇ ਖੇਡ ਕੇ ਘਰ ਜਾ ਕੇ ਪੜ੍ਹਨ ਲੱਗਦੇ ਪਰ ਸਾਹਿਲ ਖੇਡ ਕੇ ਘਰ ਆਉਂਦਾ ਤਾਂ ਖਾ-ਪੀ ਕੇ ਸੌਂ ਜਾਂਦਾ।

ਹੁਣ ਸਾਲਾਨਾ ਇਮਤਿਹਾਨਾਂ ਵਿੱਚ ਇੱਕ ਹਫ਼ਤਾ ਰਹਿ ਗਿਆ ਸੀ। ਸਾਹਿਲ ਨੇ ਹੁਣ ਜ਼ੋਰ-ਸ਼ੋਰ ਨਾਲ ਪੜ੍ਹਾਈ ਸ਼ੁਰੂ ਕਰ ਦਿੱਤੀ। ਉਸ ਨੇ ਖੇਡਣਾ-ਕੁੱਦਣਾ, ਇਥੋਂ ਤੱਕ ਕਿ ਘਰ ਤੋਂ ਬਾਹਰ

ਨਿਕਲਣਾ ਤੱਕ ਛੱਡ ਦਿੱਤਾ ਸੀ। ਉਸ ਨੇ ਸਾਰਿਆਂ ਨਾਲ ਮਿਲਣਾ-ਜੁਲਣਾ ਵੀ ਬੰਦ ਕਰ ਦਿੱਤਾ ਸੀ। ਪੜ੍ਹਦੇ-ਪੜ੍ਹਦੇ ਸਾਹਿਲ ਨੂੰ ਖਾਣ-ਪੀਣ ਅਤੇ ਸੌਣ ਤੱਕ ਦਾ ਹੋਸ਼ ਨਾ ਰਹਿੰਦਾ। ਉਸ ਦਾ ਸੁਭਾਅ ਹੁਣ ਕੁੱਝ ਚਿੜਚਿੜਾ ਜਿਹਾ ਹੋ ਗਿਆ ਸੀ। ਉਸ ਨੂੰ ਇਮਤਿਹਾਨਾਂ ਦੀ ਚਿੰਤਾ ਸਤਾਉਣ ਲੱਗੀ। ਅਗਲੇ ਦਿਨ ਇਮਤਿਹਾਨ ਸੀ ਅਤੇ ਉਸ ਨੂੰ ਕੁੱਝ ਵੀ ਨਹੀਂ ਆਉਂਦਾ ਸੀ। ਉਹ ਪੂਰੀ ਤਰ੍ਹਾਂ ਨਿਰਾਸ ਹੋ ਗਿਆ।

ਮਹੀਨੇ ਭਰ ਬਾਦ ਜਦ ਨਤੀਜਾ ਆਇਆ ਤਾਂ ਉਹ ਰੋਣ ਲੱਗਾ। ਉਹ ਫੇਲ੍ਹ ਹੋ ਗਿਆ ਸੀ। ਸ਼ਾਮ ਹੋਣ ਨੂੰ ਆਈ ਸੀ। ਸਾਹਿਲ ਹਾਲਾ ਵੀ ਇੱਕ ਰੁੱਖ ਹੇਠਾਂ ਬੈਠਾ ਰੋ ਰਿਹਾ ਸੀ। ਸਾਹਿਲ ਦਾ ਦੋਸਤ ਦੇਵੇਨ ਕੋਲੋਂ ਗੁਜ਼ਰ ਰਿਹਾ ਸੀ। ਸਾਹਿਲ ਨੂੰ ਰੋਂਦਾ ਵੇਖ ਕੇ ਉਹ ਉਸ ਦੇ ਕੋਲ ਗਿਆ ਅਤੇ ਬੋਲਿਆ- ''ਕੀ ਗੱਲ ਹੈ ਸਾਹਿਲ?''

ਸਾਹਿਲ ਨੇ ਡੁਸਕਦੇ ਹੋਏ ਸਾਰੀ ਗੱਲ ਸੁਣਾਈ- ਮੈਂ ਪੜ੍ਹਨ ਦੀ ਬੜੀ ਕੋਸ਼ਿਸ਼ ਕੀਤੀ ਪਰ ਫੇਲ੍ਹ ਹੋ ਗਿਆ।

ਦੇਵੇਨ ਨੇ ਉਸ ਨੂੰ ਚੁੱਪ ਕਰਾਉਂਦੇ ਹੋਏ ਕਿਹਾ - ਸਾਹਿਲ, ਜਦ ਇਮਤਿਹਾਨ ਸਿਰ ਤੇ ਆ ਜਾਣ ਤਦ ਹੜਬੜੀ ਵਿੱਚ ਪੜ੍ਹਨ ਨਾਲ ਕੁੱਝ ਨਹੀਂ ਹੁੰਦਾ। ਸਮੇਂ ਸਿਰ ਪੜ੍ਹਨਾ ਅਤੇ ਖੇਡਣਾ ਚਾਹੀਦਾ ਹੈ।

ਸਾਹਿਲ ਨੂੰ ਦੇਵੇਨ ਦੀ ਗੱਲ ਬੁਰੀ ਨਹੀਂ ਲੱਗੀ। ਦੇਵੇਨ ਨੇ ਸਾਹਿਲ ਨੂੰ ਬੜੇ ਪਿਆਰ ਨਾਲ ਸਮਝਾਇਆ - ਪੂਰਾ ਸਾਲ ਸਾਨੂੰ ਖੇਡ ਨਾਲ ਪੜ੍ਹਾਈ ਤੇ ਵੀ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਇਮਤਿਹਾਨਾ ਦੇ ਸਮੇਂ ਦਿਮਾਗ ਤੇ ਜ਼ਿਆਦਾ ਬੋਝ ਨਹੀਂ ਪੈਂਦਾ।

ਦੇਵੇਨ ਨੇ ਸਾਹਿਲ ਨੂੰ ਹੌਂਸਲਾ ਦਿੱਤਾ ਅਤੇ ਘਰ ਜਾਣ ਲਈ ਕਿਹਾ। ਸਾਹਿਲ ਨੇ ਘਰ ਜਾਣ ਤੋਂ ਮਨ੍ਹਾ ਕਰ ਦਿੱਤਾ। ਸਾਹਿਲ ਨੂੰ ਘਰ ਜਾਣ ਵਿੱਚ ਬੜੀ ਸ਼ਰਮ ਮਹਿਸੂਸ ਹੋ ਰਹੀ ਸੀ। ਹੁਣ ਦੇਵੇਨ ਨੇ ਉਸ ਨੂੰ ਬੜੇ ਆਪਣੇਪਨ ਨਾਲ ਸਮਝਾਇਆ-



ਅਜਿਹੀ ਗਲਤੀ ਨਹੀਂ ਕਰਨੀ ਸਾਹਿਲ, ਘਰ ਜਾ ਕੇ ਮੰਮੀ-ਪਾਪਾ ਨੂੰ ਸਾਰੀ ਗੱਲ ਦੱਸ ਅਤੇ ਆਪਣੀ ਗਲਤੀ ਸਵੀਕਾਰ ਕਰ ਲੈ। ਤੇਰੇ ਮੰਮੀ-ਪਾਪਾ ਤੈਨੂੰ ਮਾਫ਼ ਕਰ ਦੇਣਗੇ ਕਿਉਂਕਿ ਉਹ ਤੇਰੇ ਨਾਲ ਪਿਆਰ ਕਰਦੇ ਹਨ।

ਐਨੇ ਨੂੰ ਪਿੱਛੋਂ ਆਵਾਜ਼ ਆਈ ਹਾਂ, ਪੁੱਤਰ, ਅਸੀਂ ਤੈਨੂੰ ਬਹੁਤ ਪਿਆਰ ਕਰਦੇ ਹਾਂ।''

ਇਹ ਸਾਹਿਲ ਦੇ ਮਾਤਾ-ਪਿਤਾ ਸਨ। ਸਾਹਿਲ ਜਦ ਘਰ ਨਹੀਂ ਪੁੱਜਾ ਤਾਂ ਉਹ ਲੱਭਦੇ-ਲੱਭਦੇ ਇਥੇ ਚਲੇ ਆਏ ਸਨ। ਮੰਮੀ-ਪਾਪਾ ਨੂੰ ਵੇਖ ਕੇ ਸਾਹਿਲ ਰੋਣ ਲੱਗਾ। ਮੰਮੀ ਨੇ ਪਿਆਰ ਨਾਲ ਸਿਰ ਤੇ ਹੱਥ ਫੇਰਿਆ ਅਤੇ ਕਿਹਾ- ਕੋਈ ਗੱਲ ਨਹੀਂ ਸਾਹਿਲ। ਫਿਰ ਤੋਂ ਤਿਆਰੀ ਕਰੋ। ਸਮੇਂ ਸਿਰ ਪੜ੍ਹਾਈ ਕਰੋ ਅਤੇ ਖੇਡੋ। ਤੂੰ ਜ਼ਰੂਰ ਪਾਸ ਹੋ ਜਾਏਗਾ।

ਸਾਹਿਲ ਮੰਮੀ ਨੂੰ ਜੱਫਾ ਮਾਰ ਕੇ ਰੋਣ ਲੱਗਾ। ਉਸ ਨੇ ਵਾਅਦਾ ਕੀਤਾ ਕਿ ਉਹ ਸਮੇਂ ਸਿਰ ਖੇਡੇਗਾ ਅਤੇ ਪੜ੍ਹਾਈ ਕਰੇਗਾ। ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ।

ਪਿਆਰੇ ਬੱਚਿਉ! ਕਿਧਰੇ ਤੁਸੀਂ ਵੀ ਸਾਹਿਲ ਦੀ ਤਰ੍ਹਾਂ ਤਾਂ ਨਹੀਂ, ਜੇਕਰ ਹੋ ਤਾਂ ਸੰਭਲ ਜਾਉ ਕਿਉਂਕਿ ਤੁਸੀਂ ਵੇਖਿਆ ਕਿ ਸਾਹਿਲ ਦਾ ਇੱਕ ਸਾਲ ਤਾਂ ਖਰਾਬ ਹੋਇਆ ਅਤੇ ਉਹ ਆਪਣੇ ਦੋਸਤਾਂ ਨਾਲੋਂ ਵੀ ਇੱਕ ਜਮਾਤ ਪਿੱਛੇ ਰਹਿ ਗਿਆ। ਇਸ ਲਈ ਤੁਸੀਂ ਵੀ ਹੁਣ ਤੋਂ ਹੀ ਪੜ੍ਹਨਾ ਸ਼ੁਰੂ ਕਰ ਦਿਉ। ■

# ਹਾਸਾ ਖੇਡਾ



ਰਾਮੂ : ਕੱਲ ਰਾਤ ਸਾਡੇ ਘਰ ਵਿੱਚ ਚੋਰ ਵੜ ਆਏ ਅਤੇ ਨਕਦੀ, ਗਹਿਣੇ ਵਗੈਰਾ ਸਭ ਕੁੱਝ ਲੈ ਗਏ।

ਮਿੱਤਰ : ਪਰ ਤੂੰ ਤਾਂ ਹਮੇਸ਼ਾਂ ਆਪਣੇ ਕੋਲ ਪਿਸਤੌਲ ਰੱਖਦਾ ਹੈਂ?

ਰਾਮੂ : ਗਨੀਮਤ ਸਮਝੋ ਕਿ ਚੋਰਾਂ ਦੀ ਨਜ਼ਰ ਉਸ ਤੇ ਨਹੀਂ ਪਈ, ਵਰਨਾ ਉਸ ਤੋਂ ਵੀ ਹੱਥ ਧੋਣਾ ਪੈਂਦਾ।

---

ਨੌਕਰ : (ਮਾਲਿਕ ਨੂੰ) ਮਾਲਿਕ ਤੁਹਾਨੂੰ ਮੇਰੇ ਤੇ ਵਿਸ਼ਵਾਸ ਨਹੀਂ ਹੈ?

ਮਾਲਿਕ : ਅਰੇ! ਮੈਂ ਤੇਰੇ ਤੇ ਵਿਸ਼ਵਾਸ ਨਾ ਕਰਦਾ ਤਾਂ ਤੈਨੂੰ ਤਿਜ਼ੋਰੀ ਦੀਆਂ ਚਾਬੀਆਂ ਕਦੇ ਨਹੀਂ ਦਿੰਦਾ।

ਨੌਕਰ : ਪਰ ਮਾਲਿਕ! ਉਹਨਾਂ ਵਿੱਚੋਂ ਤਾਂ ਤਿਜ਼ੋਰੀ ਨੂੰ ਇੱਕ ਵੀ ਚਾਬੀ ਨਹੀਂ ਲੱਗਦੀ।

*– ਸੋਨੀ ਨਿਰੰਕਾਰੀ*

ਜਹਾਜ਼ ਉਡਾ ਰਿਹਾ ਪਾਇਲਟ ਜ਼ੋਰ-ਜ਼ੋਰ ਨਾਲ ਹੱਸਣ ਲੱਗਾ ਅਤੇ ਜਹਾਜ਼ ਡਗਮਗਾਉਣ ਲੱਗਾ ਤਾਂ ਯਾਤਰੀਆਂ ਨੇ ਉਸ ਤੋਂ ਪੁੱਛਿਆ ਕਿ ਇੰਝ ਕਿਉਂ ਹੋ ਰਿਹਾ ਹੈ?

ਪਾਇਲਟ ਬੋਲਿਆ –

ਮੈਂ ਇਹ ਸੋਚ ਕੇ ਹੱਸ ਰਿਹਾ ਹਾਂ ਕਿ ਜਦੋਂ ਪਾਗਲਖਾਨੇ ਵਾਲਿਆਂ ਨੂੰ ਪਤਾ ਲੱਗੇਗਾ ਕਿ ਮੈਂ ਭੱਜ ਗਿਆ ਹਾਂ ਤਾਂ ਉਹਨਾਂ ਦੀ ਹਾਲਤ ਕੀ ਹੋਵੇਗੀ?

---

ਮੰਮੀ : ਸੁਸ਼ੀਲ ਅੱਜ ਜਿਹੜੇ ਪਕੌੜੇ ਅਸੀਂ ਖਾਧੇ ਹਨ ਉਸ ਦੇ ਬਾਰੇ ਆਪਣੇ ਪਾਪਾ ਨੂੰ ਨਾ ਦੱਸਣਾ।

ਸੁਸ਼ੀਲ : ਮੰਮੀ, ਨਹੀਂ ਦੱਸਾਂਗਾ। ਹੁਣ ਵੇਖੋ ਨਾ ਮੈਂ ਅਤੇ ਪਾਪਾ ਕਈ ਵਾਰ ਬਜ਼ਾਰ ਜਾ ਕੇ ਆਈਸਕ੍ਰੀਮ ਖਾਂਦੇ ਹਾਂ। ਕੀ ਮੈਂ ਕਦੇ ਇਸ ਬਾਰੇ ਤੁਹਾਨੂੰ ਦੱਸਿਆ ਹੈ?

*– ਦੀਪ*

ਇੱਕ ਦਿਨ ਰਾਮੂ ਬਜ਼ਾਰ ਗਿਆ। ਰਾਹ ਵਿੱਚ ਇੱਕ ਚੋਰ ਉਸ ਦਾ ਮੋਬਾਇਲ ਖੋਹ ਕੇ ਭੱਜ ਗਿਆ। ਪਹਿਲਾਂ ਤਾਂ ਰਾਮੂ ਉਸ ਦੇ ਪਿੱਛੇ ਭੱਜਿਆ, ਪਰ ਥੋੜੀ ਦੂਰ ਜਾ ਕੇ ਰੁਕ ਗਿਆ ਅਤੇ ਜ਼ੋਰ ਨਾਲ ਚੀਕਿਆ –

ਲੈ ਜਾ, ਲੈ ਜਾ... ਇਸ ਦਾ ਚਾਰਜਰ ਤਾਂ ਮੇਰੇ ਕੋਲ ਹੀ ਹੈ।

*– ਅਮਿਤ*



ਗੁੱਡੀ : (ਅਮਨ ਨੂੰ) ਭਾਈ ਮੈਂ ਆਈਸਕ੍ਰੀਮ ਖਾਵਾਂਗੀ।
ਅਮਨ : ਗੁੱਡੀ ਸਰਦੀ ਵਿੱਚ ਆਈਸਕ੍ਰੀਮ ਨਹੀਂ ਖਾਂਦੇ।
ਗੁੱਡੀ : ਭਾਈ, ਮੈਂ ਆਈਸਕ੍ਰੀਮ ਗਰਮ ਕਰਕੇ ਖਾ ਲਵਾਂਗੀ।

---

ਅਧਿਆਪਕ : (ਵਿਦਿਆਰਥੀ ਨੂੰ) ਭਾਈਚਾਰੇ ਦਾ ਵਾਕ ਵਿੱਚ ਇਸਤੇਮਾਲ ਕਰੋ।
ਵਿਦਿਆਰਥੀ : ਮੈਂ ਦੁੱਧ ਵਾਲੇ ਤੋਂ ਪੁੱਛਿਆ ਕਿ ਦੁੱਧ ਐਨਾ ਮਹਿੰਗਾ ਕਿਉਂ ਵੇਚਦੇ ਹੋ?
ਉਹ ਬੋਲਿਆ : ਭਾਈ ਚਾਰਾ ਜੋ ਮਹਿੰਗਾ ਹੋ ਗਿਆ ਹੈ।

---

ਮਾਧੁਰੀ : ਚਲੋ ਸੀਮਾ ਤਰਨ ਚੱਲੀਏ।
ਸੀਮਾ : ਮਾਧੁਰੀ ਮੈਂ ਪ੍ਰਣ ਕੀਤਾ ਹੈ ਕਿ ਜਦੋਂ ਤਕ ਮੈਂ ਤਰਨਾ ਨਹੀਂ ਸਿੱਖ ਲਵਾਂਗੀ, ਪਾਣੀ ਦੇ ਕੋਲ ਤੱਕ ਨਹੀਂ ਜਾਵਾਂਗੀ।

---

ਡਾਇਰੈਕਟਰ ਨੇ ਐਕਟਰ ਨੂੰ ਕਿਹਾ – ਸਿਰਫ ਮੁਸਕਰਾਉ ਨਹੀਂ, ਦੰਦ ਵੀ ਬਾਹਰ ਕੱਢੋ।
ਐਕਟਰ ਨੇ ਫੌਰਨ ਆਪਣੇ ਨਕਲੀ ਦੰਦ ਬਾਹਰ ਕੱਢ ਦਿੱਤੇ।

*– ਭਰਤ*

ਇੱਕ ਵਿਅਕਤੀ ਆਪਣੇ ਦੋਸਤ ਨੂੰ ਕਹਿਣ ਲੱਗਾ –
ਕੋਈ ਅਜਿਹੀ ਚੀਜ਼ ਦੱਸੋ ਜਿਹੜੀ ਬ੍ਰੇਕਫਾਸਟ ਵਿੱਚ ਨਹੀਂ ਖਾਧੀ ਜਾ ਸਕਦੀ।
ਦੋਸਤ : 'ਇੱਕ' ਕੀ ਮੈਂ 'ਦੋ' ਦੱਸਦਾ ਹਾਂ।
ਵਿਅਕਤੀ : ਠੀਕ ਹੈ 'ਦੋ' ਦੱਸੋ।
ਦੋਸਤ : 'ਲੰਚ' ਅਤੇ 'ਡਿਨਰ'।

---

ਅਧਿਆਪਕਾ : ਰਾਹੁਲ ਦੱਸੋ, ਹਾਥੀ ਦੀ ਕੀ ਪਛਾਣ ਹੁੰਦੀ ਹੈ?
ਰਾਹੁਲ : ਮੈਡਮ ਜੀ, ਹਾਥੀ ਦੀਆਂ ਦੋ ਪੂਛਾ ਹੁੰਦੀਆਂ ਹਨ ਇੱਕ ਅੱਗੇ ਅਤੇ ਇੱਕ ਪਿੱਛੇ।

*– ਦਿਸ਼ਾ*

ਸੱਸ : (ਨੂੰਹ ਨੂੰ) ਤੇਰੀ ਯੋਗਤਾ ਕਿੰਨੀ ਹੈ?
ਨੂੰਹ : ਨੇਤਰ ਨੇਤਰ ਚਾਹ।
ਸੱਸ ਕੀ ਮਤਲਬ?
ਨੂੰਹ : ਆਈ ਆਈ ਟੀ।

---

ਅਧਿਆਪਕ : ਤੁਸੀਂ ਦੇਰ ਨਾਲ ਕਿਉਂ ਆਏ?
ਵਿਦਿਆਰਥੀ : ਸੜਕ ਤੇ ਲੱਗੇ ਬੋਰਡ ਦੇ ਕਾਰਣ।
ਅਧਿਆਪਕ : ਕਿਹੜੇ ਬੋਰਡ ਦੇ ਕਾਰਣ?
ਵਿਦਿਆਰਥੀ : ਜਿਸ ਤੇ ਲਿੱਖਿਆ ਹੈ – 'ਅੱਗੇ ਸਕੂਲ ਹੈ ਹੌਲੀ ਚੱਲੋ।'

---

ਸੇਠ : (ਨੌਕਰ ਨੂੰ) ਮੈਂ ਇੱਕ ਘੰਟੇ ਤੋਂ ਘੰਟੀ ਵਜਾ ਰਿਹਾ ਹਾਂ। ਤੈਨੂੰ ਸੁਣਾਈ ਨਹੀਂ ਦਿੱਤਾ?
ਨੌਕਰ : ਤੁਸੀਂ ਮਾਲਿਕ ਹੋ ਆਪ ਇੱਕ ਘੰਟਾ ਕੀ ਪੂਰਾ ਦਿਨ ਵਜਾ ਸਕਦੇ ਹੋ।

*– ਪ੍ਰਤੀਕ*





# ਫਾਗ ਅਤੇ ਸਮਾਗ (ਧੁੰਦ ਅਤੇ ਧੂੰਆਂ)

– ਅਮਰਜੀਤ ਅਮਰ

### ਆਓ ਪਹਿਲਾਂ ਜਾਣਦੇ ਹਾਂ ਕਿ ਫਾਗ ਕੀ ਹੁੰਦਾ ਹੈ?

ਫਾਗ ਅਰਥਾਤ ਕੋਹਰਾ, ਅਸਲ ਵਿੱਚ ਹਵਾ ਵਿੱਚ ਤਰਦਾ ਪਾਣੀ ਜਾਂ ਫਿਰ ਬਰਫ ਦੀਆਂ ਬਹੁਤ ਬਰੀਕ ਬੂੰਦਾਂ ਹੁੰਦੀਆਂ ਹਨ। ਜਦ ਹਵਾ ਵਿੱਚ ਮੌਜੂਦ ਪਾਣੀ ਵਾਸ਼ਪ ਬਣ ਕੇ ਠੰਡਾ ਹੋ ਕੇ ਹਵਾ ਵਿੱਚ ਹੀ ਜੰਮ ਜਾਂਦਾ ਹੈ ਉਸ ਨੂੰ ਫਾਗ (ਧੁੰਦ) ਕਹਿੰਦੇ ਹਨ। ਕੋਹਰਾ ਧਰਤੀ ਦੇ ਬਿਲਕੁਲ ਨੇੜੇ ਆ ਚੁੱਕੇ ਬੱਦਲ ਹੁੰਦੇ ਹਨ। ਇਹ ਇੱਕ ਚਿੱਟੀ ਚਾਦਰ ਦੀ ਤਰ੍ਹਾਂ ਪੂਰੀ ਹਵਾ ਨੂੰ ਢੱਕ ਦਿੰਦੇ ਹਨ।

### ਕੀ ਤੁਸੀਂ ਜਾਣਦੇ ਹੋ ਸਮਾਗ (ਕੋਹਰੇ ਅਤੇ ਧੂੰਏਂ ਦਾ ਮਿਸ਼ਰਣ) ਕੀ ਹੁੰਦਾ ਹੈ?

ਸਮਾਗ, ਫਾਗ, ਸਮੋਕ ਅਰਥਾਤ ਕੋਹਰੇ ਅਤੇ ਧੂੰਏਂ ਦਾ ਮਿਸ਼ਰਣ ਹੁੰਦਾ ਹੈ। ਇਹ ਇੱਕ ਪੀਲਾ ਜਾਂ ਕਾਲਾ ਕੋਹਰਾ ਹੁੰਦਾ ਹੈ ਜੋ ਹਵਾ ਪ੍ਰਦੂਸ਼ਣ ਦੀ ਵਜ੍ਹਾ ਨਾਲ ਬਣਿਆ ਹੈ। ਸਮਾਗ ਵਿੱਚ ਖਤਰਨਾਕ ਅਤੇ ਜਾਨਲੇਵਾ ਗੈਸ ਜਿਵੇਂ – ਸਲਫਰ, ਡਾਈਆਕਸਾਇਡ, ਨਾਈਟ੍ਰੋਜਨ ਆਕਸਾਇਡ, ਬੇਂਜੀਨ ਅਤੇ ਹੋਰ ਕਾਰਬਨਿਕ ਗੈਸ ਭਾਰੀ ਮਾਤਰਾ ਵਿੱਚ ਪਾਈ ਜਾਂਦੀ ਹੈ।

### ਕੀ ਫਰਕ ਹੈ ਫਾਗ ਅਤੇ ਸਮਾਗ ਵਿੱਚ?

ਫਾਗ ਅਤੇ ਸਮਾਗ ਵਿੱਚ ਸਭ ਤੋਂ ਵੱਡਾ ਫਰਕ ਸਮੋਕ ਅਰਥਾਤ ਧੂੰਏਂ ਦਾ ਹੁੰਦਾ ਹੈ। ਸਮਾਗ ਦੀ ਹਾਲਤ ਵਿੱਚ ਹਵਾ ਵਿੱਚ ਧੂੰਆਂ ਹੁੰਦਾ ਹੈ ਜਿਸ ਦੀ ਵਜ੍ਹਾ ਨਾਲ ਧੁੰਧਲਾਪਨ ਆਉਂਦਾ ਹੈ। ਸਮਾਗ ਤੁਹਾਡੀ ਸਿਹਤ ਲਈ ਕਾਫੀ ਖਤਰਨਾਕ ਹੁੰਦਾ ਹੈ। ਉਂਝ ਫਾਗ ਵਿੱਚ ਵਿਜੀਬਿਲਟੀ ਵੀ ਘੱਟ ਹੁੰਦੀ ਹੈ ਲੇਕਿਨ ਇਹ ਧੂੰਏਂ ਦੀ ਵਜ੍ਹਾ ਨਾਲ ਨਹੀਂ ਸਗੋਂ ਵਾਟਰ ਵੇਪਰ ਦੀ ਵਜ੍ਹਾ ਨਾਲ ਹੁੰਦੀ ਹੈ ਜੋ ਕਿ ਠੰਡੀ ਹੋ ਕੇ ਹਵਾ ਵਿੱਚ ਜੰਮ ਜਾਂਦੀ ਹੈ। ਇਸ ਨਾਲ ਹਵਾ ਵਿੱਚ ਇੱਕ ਚਿੱਟੀ ਚਾਦਰ ਜਿਹੀ ਵਿਖਾਈ ਦਿੰਦੀ ਹੈ।

ਫਾਗ ਅਤੇ ਸਮਾਗ ਫਰਕ ਵੇਖ ਕੇ ਵੀ ਦੱਸ ਸਕਦੇ ਹਾਂ। ਸਮਾਗ ਦੀ ਹਾਲਤ ਵਿੱਚ ਹਵਾ ਵਿੱਚ ਹਲਕਾ ਕਾਲਾਪਨ ਹੁੰਦਾ ਹੈ ਅਰਥਾਤ ਸਮਾਗ ਗ੍ਰੇ ਕਲਰ ਦਾ ਹੁੰਦਾ ਹੈ। ਪਰ ਜਦ ਸਿਰਫ ਕੋਹਰਾ ਰਹਿੰਦਾ ਹੈ ਤਾਂ ਹਵਾ ਵਿੱਚ ਗ੍ਰੇ ਕਲਰ ਨਹੀਂ 'ਵਾਈਟ ਕਲਰ' ਵਿਖਾਈ ਦਿੰਦਾ ਹੈ। ਫਾਗ ਦੇ ਲਈ ਕਿਹਾ ਜਾਂਦਾ ਹੈ ਕਿ ਇਹ ਜ਼ਿਆਦਾ ਉਚਾਈ ਤੱਕ ਨਹੀਂ ਹੁੰਦਾ ਹੈ ਜਦਕਿ ਸਮਾਗ ਹਵਾ ਵਿੱਚ ਤੈਰਦਾ ਰਹਿੰਦਾ ਹੈ ਅਤੇ ਗੈਸ ਚੈਂਬਰ ਦਾ ਕੰਮ ਕਰਦਾ ਹੈ। ਸਮਾਗ ਦੀ ਹਾਲਤ ਵਿੱਚ ਤੁਹਾਨੂੰ ਸਾਹ ਲੈਣ ਵਿੱਚ ਮੁਸ਼ਕਿਲ ਹੁੰਦੀ ਹੈ ਅਤੇ ਕੁੱਝ ਦੇਰ ਵਿੱਚ ਹੀ ਗਲੇ ਵਿੱਚ ਖਾਰਸ਼, ਅੱਖਾਂ ਵਿੱਚ ਜਲਣ ਵਰਗੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੋਹਰੇ ਦੀ ਹਾਲਤ ਵਿੱਚ ਇੰਝ ਨਹੀਂ ਹੁੰਦਾ ਹੈ, ਬਸ ਤੁਹਾਨੂੰ ਠੰਡ ਜ਼ਿਆਦਾ ਲੱਗਦੀ ਹੈ। ■

# ਸਾਧਾਰਣ ਗਿਆਨ ਪ੍ਰਸ਼ਨੋਤਰੀ

(ਸਭ ਸਵਾਲਾਂ ਦੇ ਜੁਵਾਬ *'ਮ'* ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਰਾਜਾ ਜਨਕ ਦੇ ਸਭ ਤੋਂ ਵੱਡੇ ਦਾਮਾਦ ਕੌਣ ਸਨ?

ਪ੍ਰਸ਼ਨ 2) ਹਿਡਿੰਬਾ ਦਾ ਪਤੀ ਕੌਣ ਸੀ?

ਪ੍ਰਸ਼ਨ 3) ਸਭ ਤੋਂ ਘੱਟ ਆਬਾਦੀ ਵਾਲਾ ਭਾਰਤੀ ਰਾਜ ਕਿਹੜਾ ਹੈ?

ਪ੍ਰਸ਼ਨ 4) ਕੇਰਲ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ 5) ਭਾਰਤ ਦਾ 'ਮਸਾਇਲ ਪੁਰਸ਼' ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ 6) ਕਿਸ ਰਿਸ਼ੀ ਨੇ ਆਪਣੀ ਪਤਨੀ ਅਹੱਲਿਆ ਨੂੰ ਪੱਥਰ ਦਾ ਬਣ ਜਾਣ ਦਾ ਸ਼ਰਾਪ ਦਿੱਤਾ ਸੀ?

ਪ੍ਰਸ਼ਨ 7) ਡਿਗਬੋਈ ਤੇਲ ਖੇਤਰ ਕਿਸ ਰਾਜ ਵਿਚ ਹੈ?

ਪ੍ਰਸ਼ਨ 8) ਇਟਲੀ ਦੀ ਰਾਜਧਾਨੀ ਕਿਹੜੀ ਹੈ?

ਪ੍ਰਸ਼ਨ 9) ਸੰਗਿਆ ਦੇ ਸਥਾਨ ਤੇ ਜਿਸ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਉਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 10) ਭਾਰਤ ਦਾ ਰਾਸ਼ਟਰੀ ਗੀਤ ਕਿਹੜਾ ਹੈ?

ਪ੍ਰਸ਼ਨ 11) ਸਭ ਤੋਂ ਭਾਰੀ ਧਾਤੂ ਕਿਹੜੀ ਹੈ?

ਪ੍ਰਸ਼ਨ 12) ਕਿਸ ਰਿਸ਼ੀ ਨੇ ਗਣੇਸ਼ ਜੀ ਦਾ ਇਕ ਦੰਦ ਤੋੜਿਆ ਸੀ?

ਪ੍ਰਸ਼ਨ 13) ਸਿਕੰਦਰ ਅਤੇ ਪੋਰਸ ਦਾ ਯੁੱਧ ਕਿਸ ਨਦੀ ਕਿਨਾਰੇ ਲੜਿਆ ਗਿਆ ਸੀ?

ਪ੍ਰਸ਼ਨ 14) ਮਹਾਤਮਾ ਗਾਂਧੀ ਨੇ ਮਰਨ ਤੋਂ ਪਹਿਲਾਂ ਕਿਹੜੇ ਸ਼ਬਦ ਕਹੇ ਸਨ?

ਪੇਸ਼ਕਸ਼ : ਵਿਕਾਸ ਅਰੋੜਾ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)




# ਕਿੱਟੀ

ਚਿੱਤਰਕਾਰ ਅਤੇ ਲੇਖਕ
– ਅਜੈ ਕਾਲੜਾ







ਬੱਚਿਉ! ਕੀ ਤੁਸੀਂ ਜਾਣਦੇ ਹੋ ਕਿ ਸਾਰੇ ਪ੍ਰਾਣੀ ਆਕਸੀਜਨ ਦੇ ਬਿਨਾ ਇੱਕ ਪਲ ਵੀ ਜੀਵਤ ਨਹੀਂ ਰਹਿ ਸਕਦੇ।
ਰੁੱਖ-ਪੌਦੇ ਸਾਡੇ ਬਹੁਤ ਕੰਮ ਆਉਂਦੇ ਹਨ ਫਿਰ ਵੀ ਲੋਕ ਉਹਨਾਂ ਨੂੰ ਆਪਣੇ ਨਿੱਜੀ ਸਵਾਰਥ ਲਈ ਵੱਢ ਰਹੇ ਹਨ।
ਰੁੱਖਾਂ ਦੀ ਘਾਟ ਕਾਰਣ ਸਾਡਾ ਵਾਤਾਵਰਣ ਦਿਨ-ਬ-ਦਿਨ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਇਸ ਵਜ੍ਹਾ ਨਾਲ 'ਗਲੋਬਲ ਵਾਰਮਿੰਗ' ਲਗਾਤਾਰ ਵੱਧਦੀ ਜਾ ਰਹੀ ਹੈ।


ਇਹੀ ਨਹੀਂ, ਇਸ ਵਜ੍ਹਾ ਨਾਲ ਜੰਗਲੀ ਜਾਨਵਰਾਂ ਦਾ ਨਿਵਾਸ ਸਥਾਨ ਵੀ ਘੱਟ ਹੁੰਦਾ ਜਾ ਰਿਹਾ ਹੈ ਅਤੇ ਉਹ ਸਾਡੇ ਰਹਿਣ ਵਾਲੇ ਸਥਾਨਾਂ ਵਿੱਚ ਘੁਸ ਰਹੇ ਹਨ।
ਜੰਗਲੀ ਜਾਨਵਰ ਵੀ ਇਸੇ ਕੁਦਰਤ ਦਾ ਹਿੱਸਾ ਹਨ। ਫਿਰ ਉਹਨਾਂ ਨੂੰ ਇਸ ਤਰ੍ਹਾਂ ਨਾਲ ਕਿਉਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।
ਮੈਡਮ, ਤੁਸੀਂ ਬਿਲਕੁਲ ਸਹੀ ਕਹਿ ਰਹੇ ਹੋ।


ਸਾਨੂੰ ਸਾਰਿਆਂ ਨੂੰ ਰੁੱਖ ਲਗਾਉਣੇ ਚਾਹੀਦੇ ਹਨ। ਸਾਨੂੰ ਉਹਨਾਂ ਨੂੰ ਕੱਟਣ ਤੇ ਰੋਕ ਲਾਉਣੀ ਚਾਹੀਦੀ ਹੈ।
ਮੈਡਮ, ਮੈਂ ਪਿਛਲੇ ਹਫ਼ਤੇ ਹੀ ਪੌਦੇ ਲਗਾਏ ਸਨ।
ਬਹੁਤ ਵਧੀਆ ਕਿੱਟੀ ਜੇਅਸੀਂ ਰੁੱਖਾਂ ਨੂੰ ਬਚਾ ਸਕਾਂਗੇ ਤਾਂ ਹੀ ਅਸੀਂ ਆਪਣੇ ਭਵਿੱਖ ਨੂੰ ਸੁਰੱਖਿਅਤ ਕਰ ਸਕਾਂਗੇ।

ਬਾਲ ਕਹਾਣੀ

# ਹਿੰਮਤ ਵਾਲਾ ਛੋਟਾ ਬੱਚਾ



– ਹਰਦਰਸ਼ਨ ਸਹਿਗਲ

ਚਿੜੀ ਦਾ ਛੋਟਾ ਜਿਹਾ ਬੱਚਾ ਸੀ। ਅਜੇ ਨਵਾਂ-ਨਵਾਂ ਉਡਣਾ ਸਿੱਖਿਆ ਸੀ। ਉਸ ਰਾਤ ਬਰਫ ਪਈ ਸੀ। ਠੰਡ ਇੱਕਦਮ ਵੱਧ ਗਈ ਸੀ। ਸਾਰੇ ਪੰਛੀ ਆਪਣੇ-ਆਪਣੇ ਆਲ੍ਹਣਿਆਂ ਵਿੱਚ ਪਏ ਸਨ। ਕਿਸੇ ਦਾ ਵੀ ਬਾਹਰ ਨਿਕਲਣ ਦਾ ਹੌਸਲਾ ਨਹੀਂ ਪੈ ਰਿਹਾ ਸੀ।

ਚਿੜੀ ਦੇ ਬੱਚੇ ਦਾ ਮਨ ਉਦਾਸ ਹੋ ਗਿਆ ਸੀ। ਉਸ ਦਾ ਦਿਲ ਖੁਲ੍ਹੇ ਆਸਮਾਨ ਵਿੱਚ ਉਡਣ ਲਈ ਮਚਲ ਰਿਹਾ ਸੀ। ਦੂਰ-ਦੂਰ ਤੱਕ ਲੰਮੀ ਉਡਾਣ ਭਰਨ ਵਿੱਚ ਉਸ ਨੂੰ ਬੜਾ ਮਜ਼ਾ ਆਉਂਦਾ ਸੀ। ਪ੍ਰੰਤੂ ਅੱਜ ਠੰਡ ਦੇ ਮਾਰੇ ਕੋਈ ਬਾਹਰ ਨਹੀਂ ਨਿਕਲ ਰਿਹਾ ਸੀ।

ਸਾਰੇ ਸੂਰਜ ਦੇ ਚੜ੍ਹਨ ਦੀ ਉਡੀਕ ਕਰ ਰਹੇ ਸਨ।

ਅਸੀਂ ਬਾਹਰ ਨਿਕਲਾਂਗੇ ਤਾਂ ਸੂਰਜ ਵੀ ਨਿਕਲ ਆਏਗਾ। – ਉਸ ਨੇ ਆਪਣੇ ਸਾਥੀਆਂ ਨੂੰ ਕਿਹਾ – ਚਲੋ ਚੱਲੀਏ।

– ਹਾਏ! ਐਨੀ ਠੰਡ ਵਿੱਚ? – ਅਸੀਂ ਤਾਂ ਹੋਰ ਵੀ ਕੰਮ ਕਰਨਾ ਹੈ ਪਰ ਪਹਿਲਾਂ ਸੂਰਜ ਤਾਂ ਚੜ੍ਹ ਜਾਵੇ। – ਇੱਕ ਚਿੜੀ ਨੇ ਉੱਤਰ ਦਿੱਤਾ।

ਮੈਂ ਤਾਂ ਚਲਿਆ ਸਾਥੀਉ! – ਚਿੜੀ ਦੇ ਬੱਚੇ ਨੇ ਕਿਹਾ – ਮੈਂ ਚੜਦੇ ਹੋਏ ਸੂਰਜ ਨੂੰ ਵੇਖਾਂਗਾ। ਮੈਂ ਸੂਰਜ ਦਾ ਸਵਾਗਤ ਕਰਾਂਗਾ।

ਐਨਾ ਕਹਿ ਕੇ ਚਿੜੀ ਦਾ ਛੋਟਾ ਜਿਹਾ ਬੱਚਾ ਆਪਣੇ ਘਰੋਂ ਨਿਕਲ ਪਿਆ।

ਦੂਰ ਆਕਾਸ਼ ਵਿੱਚ ਲਾਲੀ ਛਾਈ ਹੋਈ ਸੀ। ਉਹ ਸਮਝ ਗਿਆ ਕਿ ਸੂਰਜ ਉਧਰ ਹੀ ਹੈ। ਪੱਕੀ ਗੱਲ ਹੈ ਕਿ ਸੂਰਜ ਚੜ ਚੁੱਕਾ ਹੈ। ਪਰ ਬਹੁਤ ਸਾਰੇ ਘਣੇ ਕਾਲੇ ਬੱਦਲ ਸੂਰਜ ਦਾ ਰਾਹ ਰੋਕੇ ਹੋਏ ਹਨ। ਉਹ ਬੱਦਲਾਂ ਨਾਲ ਲੜ ਰਿਹਾ ਹੈ, ਸੰਘਰਸ਼ ਕਰ ਰਿਹਾ ਹੈ।

– ਮੈਂ ਵੀ ਬੱਦਲਾਂ ਦਾ ਮੁਕਾਬਲਾ ਕਰਾਂਗਾ। – ਚਿੜੀ ਦੇ ਬੱਚੇ ਨੇ ਸੋਚਿਆ ਅਤੇ ਫਿਰ ਸੂਰਜ ਦੀ ਦਿਸ਼ਾ ਵਿੱਚ ਉਡ ਗਿਆ। ਰਾਹ ਸਾਫ਼ ਨਹੀਂ ਸੀ। ਬੱਦਲ ਹੇਠਾਂ ਆਉਂਦੇ ਜਾ ਰਹੇ ਸਨ। ਧੂੰਏ ਨੂੰ ਵੀ ਉਪਰ ਨਹੀਂ ਉਠਣ ਦੇ ਰਹੇ ਸਨ। ਪੂਰੇ ਰਾਹ ਵਿੱਚ ਧੁੰਦ ਛਾਈ ਹੋਈ ਸੀ।

ਪਰ ਚਿੜੀ ਦੇ ਉਸ ਛੋਟੇ ਜਿਹੇ ਬੱਚੇ ਨੇ ਕਿਸੇ ਗੱਲ ਦੀ ਪਰਵਾਹ ਨਹੀਂ ਕੀਤੀ। ਉਸ ਨੇ ਬੱਦਲਾਂ ਦੇ ਵਿੱਚੋਂ ਰਾਹ ਬਣਾਇਆ। ਇਸ ਨਾਲ ਉਸ ਦੇ ਖੰਭ ਵੀ ਭਿੱਜ ਗਏ। ਸਾਹ ਫੁੱਲਣ ਲੱਗੀ ਪਰ ਉਸ ਨੇ ਹਿੰਮਤ ਨਹੀਂ ਹਾਰੀ।

ਉਸ ਨੇ ਸੋਚਿਆ ਸੂਰਜ ਥੋੜ੍ਹਾ ਨਿਕਲਦਾ ਹੈ ਤਾਂ ਬੱਦਲ ਉਸ ਨੂੰ ਫਿਰ ਢੱਕ ਲੈਂਦੇ ਹਨ। ਸੂਰਜ ਘਣੇ ਬੱਦਲਾਂ ਨਾਲ ਲੜ ਰਿਹਾ ਹੈ। ਉਹ ਵਾਰ-ਵਾਰ ਉਪਰ ਉਠਦਾ ਹੈ। ਇਸ ਲਈ ਕਾਲੇ ਬੱਦਲ ਮੇਰਾ ਵੀ ਰਾਹ ਨਹੀਂ ਰੋਕ ਸਕਦੇ।

ਉਹ ਚਿੜੀ ਦਾ ਛੋਟਾ ਜਿਹਾ ਬੱਚਾ ਨਵੇਂ ਜੋਸ਼ ਵਿੱਚ ਉਡਦਾ ਗਿਆ। ਫਿਰ ਸਫੇਦੇ ਦੇ ਉਚੇ ਰੁੱਖ ਦੇ ਸਿਰੇ ਤੇ ਜਾ ਬੈਠਾ। ਉਸ ਨੇ ਵੇਖਿਆ ਆਸਮਾਨ ਵਿੱਚ ਗਰਮੀ ਦੀ ਲਾਲੀ ਪੂਰੀ ਤਰ੍ਹਾਂ ਫੈਲ ਚੁੱਕੀ ਹੈ। ਸੂਰਜ ਨਿਕਲ ਆਇਆ। ਬੱਦਲ ਹੱਟ ਗਏ ਹਨ। ਹਨ੍ਹੇਰਾ ਹੱਟ ਗਿਆ ਹੈ। ਚਾਰੇ ਪਾਸੇ ਗਿਆਨ ਦਾ ਪ੍ਰਕਾਸ਼ ਫੈਲ ਗਿਆ ਹੈ।

ਸੂਰਜ ਦੀ ਜਿੱਤ ਹੋਈ। ਚਿੜੀ ਦੇ ਉਸ ਛੋਟੇ ਜਿਹੇ ਬੱਚੇ ਦੀ ਵੀ ਜਿੱਤ ਹੋਈ। ■

ਸਿਖਿਆ – ਜਿਹੜੇ ਉਲਟ ਹਾਲਾਤਾਂ ਵਿੱਚ ਵੀ ਹਿੰਮਤ ਨਹੀਂ ਹਾਰਦੇ। ਹੌਸਲੇ ਅਤੇ ਹਿੰਮਤ ਤੋਂ ਕੰਮ ਲੈਂਦੇ ਹਨ। ਉਹਨਾਂ ਨੂੰ ਸਫ਼ਲਤਾ ਮਿਲ ਹੀ ਜਾਂਦੀ ਹੈ।



# ਕੀ ਤੁਸੀਂ ਜਾਣਦੇ ਹੋ

ਪੇਸ਼ਕਸ਼ : ਵਿਭਾ ਵਰਮਾ

- ਅੱਗ ਬਰਸਾਉਣ ਵਾਲਾ ਰੁੱਖ ਮਲੇਸ਼ੀਆ ਵਿਚ ਹੈ।
- ਦੁਨੀਆ ਵਿਚ ਸਭ ਤੋਂ ਜਲਦੀ ਵੱਧਣ ਵਾਲਾ ਪੌਦਾ ਬਾਂਸ ਹੈ।
- ਸੱਤ ਪਹਾੜੀਆਂ ਦਾ ਨਗਰ ਰੋਮ ਨੂੰ ਕਹਿੰਦੇ ਹਨ।
- ਚਿਪਸ ਦੇ ਪੈਕਿਟਾਂ ਵਿਚ ਨਾਇਟਰੋਜਨ ਗੈਸ ਭਰੀ ਜਾਂਦੀ ਹੈ।
- ਲਾਲ ਸਿੰਦੂਰ ਦਾ ਰਸਾਇਣਿਕ ਨਾਮ ਲੇਡ ਪਰਾਕਸਾਈਡ ਹੈ
- ਸੱਤਰੰਗੀ ਪੀਂਘ ਹਮੇਸ਼ਾ ਸੂਰਜ ਦੀ ਉਲਟ ਦਿਸ਼ਾ ਵਿਚ ਬਣਦੀ ਹੈ।
- ਭਾਰਤ ਦੀ ਸਭ ਤੋਂ ਵੱਧ ਗੀਤਾਂ ਵਾਲੀ ਫਿਲਮ (ਇੰਦਰਸਭਾ) ਹੈ। ਇਸ ਵਿਚ ਕੁੱਲ 72 ਗੀਤ ਹਨ।
- ਚੀਨ ਦਾ ਸਭ ਤੋਂ ਵੱਧ ਅਬਾਦੀ ਵਾਲਾ ਸ਼ਹਿਰ ਸ਼ੰਘਾਈ ਹੈ।
- ਮਿਲਖਾ ਸਿੰਘ ਨੂੰ ਉਡੱਣਾ ਸਿੱਖ ਦੇ ਨਾਂ ਨਾਲ ਜਾਣਿਆ ਜਾਂਦਾ ਹੈ।
- ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਦੀ ਕੁਲ ਸਮਰਥਾ 1680 ਫੁੱਟ ਹੈ।
- ਮੋਬਾਇਲ ਨੰਬਰ ਪੋਰਟੇਬਿਲਟੀ ਸਰਵਿਸ ਸਭ ਤੋਂ ਪਹਿਲਾਂ ਹਰਿਆਣਾ ਵਿਚ ਸ਼ੁਰੂ ਹੋਈ ਸੀ।
- ਵਿਸ਼ਵਨਾਥਨ ਆਨੰਦ ਸ਼ਤਰੰਜ ਦੇ ਮਹਾਨ ਭਾਰਤੀ ਖਿਡਾਰੀ ਸਨ।
- ਪ੍ਰਧਾਨਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ।
- ਪੰਜਾਬ ਵਿਚ ਲੋਕ ਸਭਾ ਦੀਆਂ 13 ਸੀਟਾਂ ਹਨ।
- ਮੁਰਾਦਾਬਾਦ ਸ਼ਹਿਰ ਪਿੱਤਲ ਦੇ ਬਰਤਨਾਂ ਲਈ ਮਸ਼ਹੂਰ ਹੈ।
- ਰਾਜਿੰਦਰ ਪ੍ਰਸਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਸਨ।
- ਪਾਂਡਵਾਂ ਦੇ ਕਾਲ ਵਿਚ ਦਿੱਲੀ ਨੂੰ ਇੰਦਰਪ੍ਰਸਥ ਦੇ ਨਾਂ ਨਾਲ ਜਾਣਿਆ ਜਾਂਦਾ ਸੀ।
- ਹਾਕੀ ਭਾਰਤ ਦਾ ਰਾਸ਼ਟਰੀ ਖੇਡ ਹੈ।

# ਪਰਵਾਸੀ ਪੰਛੀਆਂ ਦਾ ਸੁਆਗਤ

– ਗੋਪਾਲ ਜੀ ਗੁਪਤ

ਭਾਰਤੀ ਸੰਸਕ੍ਰਿਤੀ ਵਿੱਚ ਮਹਿਮਾਨ (ਪ੍ਰਾਹੁਣੇ) ਨੂੰ ਦੇਵਤਾ ਦੇ ਬਰਾਬਰ ਮੰਨਦੇ ਹੋਏ ਉਹਨਾਂ ਦਾ ਸੁਆਗਤ ਕੀਤਾ ਜਾਂਦਾ ਹੈ। ਉਂਞ ਮਹਿਮਾਨਾਂ ਦੇ ਰੂਪ ਵਿੱਚ ਅਸੀਂ ਕੇਵਲ ਆਪਣੇ ਘਰ ਆਉਣ ਵਾਲਿਆਂ ਦਾ ਹੀ ਸੁਆਗਤ ਕਰਦੇ ਹਾਂ ਪਰ ਭਾਰਤ ਦੇ ਜੰਗਲਾਂ, ਪੰਛੀਵਿਹਾਰਾਂ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੇ ਮਹਿਮਾਨ ਪੰਛੀਆਂ ਦੇ ਸੁਆਗਤ ਦੀ ਗੱਲ ਸੁਣ ਕੇ ਹੋ ਸਕਦਾ ਹੈ ਹੈਰਾਨੀ ਹੋਵੇ ਪਰ ਇਹ ਸੱਚ ਹੈ ਕਿ ਹਰ ਸਾਲ ਠੰਡ ਦੀ ਰੁੱਤ ਵਿੱਚ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਤੋਂ ਅਣਗਿਣਤ ਪੰਛੀ ਲਗਭਗ ਛੇ ਮਹੀਨਿਆਂ ਲਈ ਸਾਡੇ ਦੇਸ਼ ਵਿੱਚ ਪ੍ਰਾਹੁਣਿਆਂ ਦੇ ਰੂਪ ਵਿੱਚ ਆਉਂਦੇ ਹਨ ਅਤੇ ਸਾਰਾ ਜੰਗਲ ਉਹਨਾਂ ਦਾ ਸੁਆਗਤ ਕਰਦਾ ਹੈ।

**ਖੰਜਨ :** ਕਿਸੇ ਦੀਆਂ ਅੱਖਾਂ ਦੀ ਸੁੰਦਰਤਾ ਦਾ ਵਰਣਨ ਕਰਦੇ ਹੋਏ ਹਿੰਦੀ ਦੇ ਕਵਿਗਣ ਅੱਖ ਦੀ ਉਪਮਾ ਖੰਜਨ ਦੀ ਅੱਖ ਨਾਲ ਦਿੰਦੇ ਹਨ ਅਤੇ ਇਸੇ ਨਾਲ ਤੁਲਨਾ ਕਰਦੇ ਹਨ। ਸੱਚਮੁਚ ਖੰਜਨ ਦੀ ਅੱਖ ਹੁੰਦੀ ਹੀ ਐਨੀ ਸੁੰਦਰ ਹੈ। ਖੰਜਨ ਨੂੰ ਅੰਗ੍ਰੇਜ਼ੀ ਭਾਸ਼ਾ ਵਿੱਚ ਵੈਗਟੇਲ (Wagtail) ਕਿਹਾ ਜਾਂਦਾ ਹੈ। ਇਸ ਦੀਆਂ ਤਿੰਨ ਪ੍ਰਜਾਤੀਆਂ- ਚਿੱਟਾ, ਕਾਲਾ, ਪੀਲਾ ਹਨ ਅਤੇ ਕਈ ਉਪ ਜਾਤੀਆਂ ਹੁੰਦੀਆਂ ਹਨ।

**ਚਿੱਟਾ ਖੰਜਨ :** ਲਗਭਗ 20 ਸੈਂਟੀਮੀਟਰ ਲੰਮੇ ਚਿੱਟੇ ਖੰਜਨ ਪਾਣੀ ਦੇ ਕੋਲ ਦਲ ਬਣਾ ਕੇ ਰਹਿੰਦੇ ਹਨ। ਨਰ ਖੰਜਨ ਦੇ ਸਿਰ ਤੇ ਕਾਲੇ ਧੱਬੇ ਹੁੰਦੇ ਹਨ ਜਿਹੜੇ ਛਾਤੀ ਤੇ ਚੰਦਰਮਾ ਦੇ ਆਕਾਰ ਵਿੱਚ ਦਿਖਦੇ ਹਨ। ਇਹ ਚਿੱਟੇ ਰੰਗ ਦੇ ਹੁੰਦੇ ਹਨ ਅਤੇ ਖੰਭ ਕਾਲੇ ਰੰਗ ਦੇ ਜਿਹਨਾਂ ਤੇ ਭੂਰੇ ਚਿੱਟੇ ਰੰਗ ਦੀ ਕਿਨਾਰੀ ਹੁੰਦੀ ਹੈ। ਮਾਦਾ ਦਾ ਰੰਗ ਨਰ ਤੋਂ ਹਲਕਾ ਹੁੰਦਾ ਹੈ ਪਰ ਉਸ ਦੇ ਸਿਰ ਤੇ ਧੱਬੇ ਨਹੀਂ ਹੁੰਦੇ। ਨਰ-ਮਾਦਾ ਦੋਵਾਂ ਦੀ ਚੁੰਝ ਅਤੇ ਪੈਰ ਗੂੜੇ ਕਾਲੇ ਰੰਗ ਦੇ ਹੁੰਦੇ ਹਨ। ਇਹ ਤੇਜ਼ੀ ਨਾਲ ਦੌੜਦੇ ਹਨ ਅਤੇ ਦੌੜਦੇ ਹੋਏ ਇਹਨਾਂ ਦੀ ਪੂਛ ਉਠਦੀ-ਡਿਗਦੀ ਰਹਿੰਦੀ ਹੈ।

ਇਹਨਾਂ ਦੀ ਕੇਵਲ ਇੱਕ ਉਪਜਾਤੀ ਹਿਮਾਲਯ ਅਤੇ ਕਸ਼ਮੀਰ ਦੀਆਂ ਉਚੀਆਂ ਚੋਟੀਆਂ ਤੇ ਆਂਡੇ ਦੇ ਕੇ ਪਰਵਾਸ ਲਈ ਆਉਂਦੀ ਹੈ। ਕੁੱਝ ਉਪਜਾਤੀਆਂ ਚੀਨ ਅਤੇ ਪੂਰਵੀ ਸਾਇਬੇਰੀਆ ਵਿੱਚ ਆਂਡੇ ਦੇ ਕੇ ਉਤਰ ਪ੍ਰਦੇਸ਼ ਦੇ ਮਿਰਜਾਪੁਰ, ਸੋਨਭਦਰ ਤੋਂ ਲੈ ਕੇ ਆਸਾਮ ਅਤੇ ਨੇਪਾਲ ਦੇ ਜੰਗਲਾਂ ਵਿੱਚ ਪ੍ਰਵਾਸ ਕਰਦੀਆਂ ਹੈ। ਇਸ ਦੀਆਂ ਕੁੱਝ ਉਪਜਾਤੀਆਂ ਈਰਾਨ, ਅਫਗਾਨਿਸਤਾਨ, ਤੁਰਕੀਸਤਾਨ ਵਿੱਚ ਆਂਡੇ ਦੇਣ ਦੇ ਬਾਅਦ ਅਗਸਤ-ਸਤੰਬਰ ਵਿੱਚ ਦੱਖਣ ਭਾਰਤ ਦੇ ਬੇਲਗਾਂਵ ਤੋਂ ਕੋਲਕਾਤਾ ਵਿੱਚ ਮਈ ਤੱਕ ਪਰਵਾਸ



ਕਰਨ ਆਉਂਦੀਆਂ ਹਨ। ਤੀਜੀ ਉਪਜਾਤੀ ਪੱਛਮੀ ਸਾਇਬੇਰੀਆਂ, ਯੂਰਾਲ ਪਰਬਤ ਦੀਆਂ ਲੜੀਆਂ ਵਿੱਚ ਆਂਡੇ ਦੇਣ ਦੇ ਬਾਦ ਅਕਤੂਬਰ ਤੱਕ ਤਰਾਵਣਕੋਰ ਵਿੱਚ ਆ ਕੇ ਅਪ੍ਰੈਲ ਤੱਕ ਪਰਵਾਸ ਕਰਦੀਆਂ ਹਨ।

**ਕਾਲਾ ਖੰਜਨ :** ਇਸ ਦੀ ਲੰਬਾਈ 18 ਤੋਂ 20 ਸੈਂਟੀਮੀਟਰ ਤੱਕ ਹੁੰਦੀ ਹੈ। ਇਹ ਅਕਸਰ ਇੱਕਲੇ ਹੀ ਪਾਣੀ ਦੇ ਨੇੜੇ ਰਹਿੰਦੀ ਹੈ। ਇਸ ਦੇ ਸਰੀਰ ਦਾ ਉਪਰੀ ਹਿੱਸਾ ਨੀਲਾ-ਭੂਰਾ, ਹੇਠਲਾ ਹਿੱਸਾ ਪੀਲਾ, ਖੰਭ ਗੂੜੇ ਭੂਰੇ, ਗਲੇ ਅਤੇ ਧੌਣ ਦਾ ਅਗਲਾ ਹਿੱਸਾ ਚਿੱਟਾ, ਪੂਛ ਲੰਮੀ-ਪਤਲੀ ਪੀਲਾਪਨ ਲਏ ਹਰੇ ਰੰਗ ਦੇ ਧੱਬੇ ਵਾਲੀ ਹੁੰਦੀ ਹੈ। ਇਸ ਦੀਆਂ ਅਨੇਕ ਉਪਜਾਤੀਆਂ ਵਿੱਚੋਂ ਕੇਵਲ ਇੱਕ ਪ੍ਰਸ਼ਾਂਤ ਮਹਾਂਸਾਗਰ ਦੇ ਕੋਲ ਅਤੇ ਹਿਮਾਲਯ ਦੀ ਉਤਰੀ ਲੜੀਆਂ ਵਿੱਚ ਆਂਡੇ ਦੇਣ ਦੇ ਬਾਦ ਪੂਰੇ ਭਾਰਤ ਵਿੱਚ ਅਕਤੂਬਰ ਤੋਂ ਅਪ੍ਰੈਲ ਤੱਕ ਪਰਵਾਸ ਕਰਦੀ ਹੈ।

**ਪੀਲਾ ਖੰਜਨ :** ਜ਼ਿਆਦਾਤਰ 18 ਸੈਂਟੀਮੀਟਰ ਲੰਮੇ ਪੀਲੇ ਖੰਜਨ ਦੇ ਸਰੀਰ ਦਾ ਉਪਰੀ ਹਿੱਸਾ ਹਰਾ ਅਤੇ ਹੇਠਲਾ ਹਿੱਸਾ ਪੀਲਾ ਹੁੰਦਾ ਹੈ। ਸਿਰ ਦਾ ਉਪਰੀ ਹਿੱਸਾ ਥੋੜਾ ਭੂਰਾ, ਚੁੰਝ ਹਲਕੀ ਕਾਲੀ-ਭੂਰੀ, ਪੈਰ ਵੀ ਹਲਕਾ ਕਾਲਾ-ਭੂਰਾ ਹੁੰਦਾ ਹੈ। ਇਸ ਦੀ ਇੱਕ ਉਪਜਾਤੀ ਸਾਇਬੇਰੀਆ ਦੇ ਪੱਛਮੀ ਹਿੱਸੇ ਵਿੱਚ ਆਂਡੇ ਦੇ ਕੇ ਬੇਲਗਾਂਵ ਤੋਂ ਕੋਲਕਾਤਾ ਦੇ ਵਿੱਚ ਸਤੰਬਰ ਤੋਂ ਮਈ ਤੱਕ ਪਰਵਾਸ ਕਰਦੀ ਹੈ।

**ਕ੍ਰੌਂਚ ਜਾਂ ਸਾਰਸ :** ਲੰਮੀ ਧੌਣ, ਲੰਮੀਆਂ ਲੱਤਾਂ ਤੇ ਇੱਕ ਲੱਤ ਤੇ ਨਦੀ ਤਾਲਾਬ ਦੇ ਪਾਣੀ ਵਿੱਚ ਧਿਆਨਮਗਨ ਮੁਦਰਾ ਵਿੱਚ ਖੜੇ ਮੱਛੀ ਦਾ ਸ਼ਿਕਾਰ ਕਰਨ ਵਾਲੇ ਸਾਰਸ ਨੂੰ ਅੰਗ੍ਰੇਜ਼ੀ ਵਿੱਚ ਕ੍ਰੇਨ (crane) ਅਤੇ ਸੰਸਕ੍ਰਿਤ ਵਿੱਚ ਕ੍ਰੌਂਚ ਕਹਿੰਦੇ ਹਨ। ਇਹ ਬੜੇ ਹੀ ਅਨੁਸਾਸ਼ਨ ਪਿਆਰੇ ਹੁੰਦੇ ਹਨ ਅਤੇ ਦਲ ਨੇਤਾ ਦੇ ਪਿੱਛੇ ਇੱਕ ਲਾਇਨ ਦੇ ਰੂਪ ਵਿੱਚ ਅੰਗ੍ਰੇਜ਼ੀ ਦੀ ਵੀ (v) ਦੇ ਆਕਾਰ ਵਿੱਚ ਉਡਦੇ ਹੋਏ ਭਾਰਤ ਆ ਕੇ ਅਕਤੂਬਰ ਤੋਂ ਮਾਰਚ ਤੱਕ ਪਰਵਾਸ ਕਰਦੇ ਹਨ।

ਇਹਨਾਂ ਦੀਆਂ ਅਨੇਕ ਪ੍ਰਜਾਤੀਆਂ ਵਿੱਚੋਂ ਮਾਤਰ ਤਿੰਨ - ਸਵਰ ਕ੍ਰੌਂਚ (ਸਾਰਸ), ਪ੍ਰਾਚਯ ਕ੍ਰੌਂਚ (ਵਿਲਾਇਤੀ ਸਾਰਸ) ਅਤੇ ਸਾਇਬੇਰੀਅਨ ਸਾਰਸ ਹੀ ਭਾਰਤ ਆਉਂਦੇ ਹਨ। ਇਹਨਾਂ ਵਿੱਚੋਂ ਸਾਇਬੇਰੀਅਨ ਸਾਰਸ ਤਾਂ ਕੇਵਲ ਭਰਤਪੁਰ ਵਿੱਚ ਪਰਵਾਸ ਕਰਦਾ ਹੈ ਜਦਕਿ ਬਾਕੀ ਦੋਵੇਂ



ਪੂਰੇ ਭਾਰਤ ਵਿੱਚ ਪਰਵਾਸ ਕਰਦੇ ਹਨ। ਸਲੇਟੀ ਰੰਗ ਵਾਲੇ ਸਾਰਸ ਦੇ ਸਿਰ ਅਤੇ ਸਰੀਰ ਤੇ ਦਿਲਖਿਚਵੇਂ ਕਾਲੇ ਰੰਗ ਦੇ ਧੱਬੇ ਹੁੰਦੇ ਹਨ। ਧੌਣ ਦਾ ਪਿਛਲਾ ਹਿੱਸਾ ਹਲਕੇ ਲਾਲ ਰੰਗ ਦੇ ਧੁੰਦਲੇ ਧੱਬੇ ਨਾਲ ਸੁੰਦਰ ਲੱਗਦਾ ਹੈ ਜਦਕਿ ਹੇਠਾਂ ਵਾਲਾ ਹਿੱਸਾ ਕਾਲੇ ਰੰਗ ਦਾ ਹੁੰਦਾ ਹੈ।

ਸਾਇਬੇਰੀਅਨ ਸਾਰਸ ਲਗਭਗ 4500 ਕਿਲੋਮੀਟਰ ਦੀ ਯਾਤਰਾ ਕਰਕੇ ਭਾਰਤ ਵਿੱਚ ਭਰਤਪੁਰ (ਰਾਜਸਥਾਨ) ਦੇ ਘਨਾ ਪੰਛੀਆਂ ਦੇ ਰਹਿਣ ਵਾਲੇ ਸਥਾਨ ਵਿੱਚ ਨਵੰਬਰ ਦੇ ਸ਼ੁਰੂ ਵਿੱਚ ਆ ਕੇ ਫਰਵਰੀ ਮਾਰਚ ਤੱਕ ਪ੍ਰਵਾਸ ਕਰਦੇ ਹਨ। ਲਗਭਗ ਇੱਕ ਮੀਟਰ ਉਚੇ ਸਾਇਬੇਰੀਅਨ ਸਾਰਸ ਇਕਦਮ ਚਿੱਟੇ ਰੰਗ ਦੇ ਹੁੰਦੇ ਹਨ। ਇਹਨਾਂ ਦੀ ਧੌਣ ਕਾਫੀ ਪਤਲੀ, ਲੰਮੀਆਂ ਪਤਲੀਆਂ ਲੱਤਾਂ ਅਤੇ ਚੁੰਝ ਲਾਲ ਰੰਗ ਦੀ ਹੁੰਦੀ ਹੈ। ਸਰੀਰ ਬੋਝਿਲ ਹੁੰਦਾ ਹੈ। ਜਦ ਇਹ ਉਡਦੇ ਹਨ ਤਦ ਇਹਨਾਂ ਦੇ ਖੰਭ ਦੇ ਅਖੀਰ ਵਿੱਚ ਕਾਲੀਆਂ ਪੱਟੀਆਂ ਦਿਖਦੀਆਂ ਹਨ।

**ਚਕਰਵਾਕ (ਚਕਵਾ-ਚਕਵੀ) :** ਨਾਰੰਗੀ, ਭੂਰੇ ਰੰਗ ਦੇ ਸਰੀਰ ਅਤੇ ਖੰਭ (ਜਿਸ ਦਾ ਕਿਨਾਰਾ ਸਫੈਦ ਹੁੰਦਾ ਹੈ) ਚਮਕੀਲਾ ਭੂਰਾ ਢਿੱਡ, ਕਾਲੀ ਚੁੰਝ, ਪੈਰਾਂ ਦੀਆਂ ਪੱਟੀਆਂ ਅਤੇ ਕਾਲੀ ਪੂਛ ਸਿਰ ਅਤੇ ਧੌਣ ਮਟਮੈਲਾ, ਕਾਲੀ ਪਿੱਠ ਵਾਲੇ ਚੱਕਰਵਾਕ ਪੰਛੀ ਮਾਹਿਰ ਤੈਰਾਕ ਹੋਣ ਦੇ ਬਾਵਜੂਦ ਪਾਣੀ ਤੋਂ ਦੂਰ ਰਹਿੰਦੇ ਹਨ ਪਰ ਨਿਵਾਸ ਜਲ ਦੇ ਕੋਲ ਹੀ ਕਰਦੇ ਹਨ। ਨਰ-ਮਾਦਾ ਦਿਨ ਭਰ ਆਰਾਮ ਕਰਦੇ ਹਨ ਪਰ ਰਾਤ ਨੂੰ ਦਾਣਾ-ਪਾਣੀ ਦੀ ਭਾਲ ਵਿੱਚ ਨਿਕਲ ਪੈਂਦੇ ਹਨ। ਇਹ ਮੱਧ-ਏਸ਼ੀਆ, ਚੀਨ, ਜਾਪਾਨ, ਰੂਸ ਤੋਂ ਉਥੇ ਆਂਡੇ ਦੇਣ ਦੇ ਬਾਅਦ ਅਕਤੂਬਰ ਤਕ ਭਾਰਤ ਆਉਂਦੇ ਹਨ ਅਤੇ ਮਈ ਦੇ ਸ਼ੁਰੂਆਤ ਵਿੱਚ ਇਥੋਂ ਵਾਪਸ ਜਾਂਦੇ ਹਨ। ■

# ਇੱਕ ਤੀਰ ਨਾਲ ਦੋ ਸ਼ਿਕਾਰ

– ਪ੍ਰਿੰਸ ਖੁਰਾਣਾ

ਤੇਨਾਲੀਰਾਮ ਵਿਜੈਨਗਰ ਦੇ ਮਹਾਰਾਜ ਕ੍ਰਿਸ਼ਣਦੇਵ ਰਾਏ ਦੇ ਦਰਬਾਰ ਦੇ ਵਿਦਵਾਨਾਂ ਵਿੱਚੋਂ ਇੱਕ ਸਨ। ਇੱਕ ਦਿਨ ਉਹਨਾਂ ਨੂੰ ਮਹਾਰਾਜਾ ਦੇ ਦਰਬਾਰ ਵਿੱਚ ਸ਼ਾਮ ਨੂੰ ਦੇਰ ਤੱਕ ਰੁਕਣਾ ਪਿਆ। ਰਾਤ ਨੂੰ ਘਰ ਜਾਂਦੇ ਵਕਤ ਝਾੜੀਆਂ ਕੋਲੋਂ ਲੰਘੇ ਤਾਂ ਉਹਨਾਂ ਨੂੰ ਕੁੱਝ ਲੋਕਾਂ ਦੇ ਘੁਸਰ-ਮੁਸਰ ਕਰਨ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਉਹ ਕਿਸੇ ਰੁੱਖ ਦੀ ਆੜ ਵਿੱਚ ਲੁੱਕ ਗਏ ਅਤੇ ਹਨ੍ਹੇਰੇ ਵਿੱਚ ਉਹਨਾਂ ਦੀਆਂ ਗੱਲਾਂ ਸੁਣਨ ਲੱਗੇ। ਉਹ ਲੋਕ ਆਪਸ ਵਿੱਚ ਗੱਲਬਾਤ ਕਰ ਰਹੇ ਸਨ ਕਿ 'ਤੇਨਾਲੀਰਾਮ ਬਹੁਤ ਹੀ ਅਮੀਰ ਵਿਅਕਤੀ ਹੈ ਅਤੇ ਸਾਡੇ ਕੋਲ ਕੁੱਝ ਵੀ ਨਹੀਂ ਹੈ ਪਰ ਕੱਲ੍ਹ ਤੱਕ ਅਸੀਂ ਅਮੀਰ ਹੋ ਜਾਵਾਂਗੇ ਅਤੇ ਉਸ ਦੇ ਕੋਲ ਕੁੱਝ ਵੀ ਨਹੀਂ ਰਹੇਗਾ।' ਇਸ ਗੱਲ ਤੇ ਸਾਰੇ ਹੌਲੀ-ਹੌਲੀ ਹੱਸਣ ਲੱਗੇ ਉਹਨਾਂ ਵਿੱਚੋਂ ਇੱਕ ਨੇ ਕਿਹਾ – 'ਯਾਰ, ਤੂੰ ਠੀਕ ਕਿਹਾ, ਵਾਹ! ਤੇਰੇ ਕੀ ਕਹਿਣੇ।

ਤੇਨਾਲੀਰਾਮ ਨੂੰ ਭਣਕ ਪੈ ਗਈ ਕਿ ਚੋਰ ਉਸ ਦੇ ਘਰ ਚੋਰੀ ਕਰਨ ਵਾਲੇ ਹਨ। ਉਹ ਛੇਤੀ-ਛੇਤੀ ਆਪਣੇ ਘਰ ਵੱਲ ਦੌੜ ਪਿਆ। ਉਹ ਰਾਹ ਵਿੱਚ ਇੱਕ ਯੋਜਨਾ ਬਣਾ ਰਿਹਾ ਸੀ ਜਿਸ ਨਾਲ ਕਿ ਚੋਰਾਂ ਨੂੰ ਸਬਕ ਸਿਖਾਇਆ ਜਾ ਸਕੇ। ਘਰ ਪਹੁੰਚ ਕੇ ਉਸ ਨੇ ਆਪਣੇ ਘਰ ਦਾ ਦਰਵਾਜ਼ਾ ਖੜਕਾਇਆ, ਉਸ ਦੀ ਪਤਨੀ ਨੇ ਦਰਵਾਜ਼ਾ ਖੋਲ੍ਹਿਆ। ਤੇਨਾਲੀਰਾਮ ਵਿਹੜੇ ਵਿੱਚ ਝੂਲੇ ਤੇ ਬੈਠ ਗਿਆ। ਉਸ ਦੀ ਪਤਨੀ ਨੇ ਉਸ ਲਈ ਦੁੱਧ ਦਾ ਗਿਲਾਸ ਤਿਆਰ ਕੀਤਾ। ਬਾਅਦ ਵਿੱਚ ਸ਼ਿਕਾਇਤ ਭਰੇ ਸੁਰ ਵਿੱਚ ਉਸ ਨੇ ਕਿਹਾ ਕਿ ਸਾਡੇ ਘਰ ਦੇ ਪਿੱਛੇ ਵਾਲੇ ਖੇਤ ਵਿੱਚ ਜੋ ਝੋਨੇ ਦੀ ਫਸਲ ਹੈ, ਉਹ ਸੁਕਦੀ ਜਾ ਰਹੀ ਹੈ। ਜੇਕਰ ਤੁਸੀਂ ਸਮੇਂ ਸਿਰ ਉਸ ਨੂੰ ਪਾਣੀ ਨਹੀਂ ਲਾਉਗੇ ਤਾਂ ਉਹ ਬਰਬਾਦ ਹੋ ਜਾਵੇਗੀ।

ਤੇਨਾਲੀਰਾਮ ਨੇ ਕਿਹਾ – ''ਤੇਰੀ ਗੱਲ ਠੀਕ ਹੈ ਪਰ ਕੁੱਝ ਵਿਸ਼ੇਸ਼ ਕੰਮ ਹੈ ਪਹਿਲਾਂ ਉਸ ਨੂੰ ਪੂਰਾ ਕਰਨਾ ਹੈ ਛੇਤੀ ਆਉ।'' ਉਹ ਆਪਣੀ ਪਤਨੀ ਨਾਲ ਘਰ ਦੇ ਪਿਛਵਾੜੇ ਵਿੱਚ ਗਏ। ਉਹਨਾਂ ਨੇ ਇੱਕ ਬਹੁਤ ਵੱਡਾ ਬਕਸਾ ਕੱਢਿਆ ਅਤੇ ਉਸ ਨੂੰ ਇੱਟਾਂ-ਪੱਥਰ ਨਾਲ ਭਰ ਦਿੱਤਾ। ਉਸ ਦੀ ਪਤਨੀ ਕੁੱਝ ਨਾ ਸਮਝ ਸਕੀ।

ਤੇਨਾਲੀਰਾਮ ਨੇ ਬਾਦ ਵਿੱਚ ਆਪਣੀ ਪਤਨੀ ਨੂੰ ਕਿਹਾ ਚਲੋ ਹੁਣ ਇਸ ਬਕਸੇ ਨੂੰ ਲਿਜਾ ਕੇ ਖੂਹ ਵਿੱਚ ਸੁੱਟ ਦਿੰਦੇ ਹਾਂ। ਇਹ ਸੁਣ ਕੇ ਉਸ ਦੀ ਪਤਨੀ ਨੇ ਪੁੱਛਿਆ ਪਰ ਕਿਉਂ?

ਤੇਨਾਲੀਰਾਮ ਨੇ ਪਤਨੀ ਦੇ ਕੰਨ ਵਿੱਚ ਘੁਸਰ-ਮੁਸਰ ਕਰਦੇ ਹੋਏ ਸਾਰੀ ਘਟਨਾ ਸੁਣਾਈ। ਉਸ ਦੀ ਪਤਨੀ ਹੈਰਾਨ ਰਹਿ ਗਈ ਪਰ ਤੇ



ਨਾਲੀਰਾਮ ਖੁਸ਼ ਹੋ ਕੇ ਬੋਲੇ - ਇਹ ਇੱਕ ਸੁਨਹਿਰੀ ਮੌਕਾ ਹੈ ਖੇਤਾਂ ਨੂੰ ਪਾਣੀ ਦੇਣ ਦਾ। ਦੋਵੇਂ ਉਸ ਭਾਰੀ ਬਕਸੇ ਨੂੰ ਘਸੀਟਦੇ ਹੋਏ ਖੂਹ ਦੇ ਕੋਲ ਲੈ ਕੇ ਆਏ। ਦੋਵਾਂ ਨੇ ਮਿਲ ਕੇ ਉਸ ਭਾਰੀ ਬਕਸੇ ਨੂੰ ਖੂਹ ਦੇ ਅੰਦਰ ਸੁੱਟ ਦਿੱਤਾ। ਉਸ ਦੇ ਬਾਅਦ ਤੇਨਾਲੀਰਾਮ ਨੇ ਆਪਣੀ ਪਤਨੀ ਨੂੰ ਉਚੀ ਆਵਾਜ਼ ਵਿੱਚ ਕਿਹਾ ਸੁਣਦੀ ਹੈ ਭਾਗਵਾਨ! ਹੁਣ ਕੋਈ ਵੀ ਚੋਰ ਸਾਡੀਆਂ ਕੀਮਤੀ ਚੀਜ਼ਾਂ ਨੂੰ ਚੋਰੀ ਨਹੀਂ ਕਰ ਸਕੇਗਾ। ਇਸ ਬਕਸੇ ਵਿੱਚ ਸਭ ਕੁੱਝ ਹੈ ਸੋਨੇ, ਚਾਂਦੀ, ਗਹਿਣੇ, ਹੀਰੇ ਜਵਾਹਰਤ ਆਦਿ।



ਰੁੱਖ ਦੇ ਪਿੱਛੇ ਚੋਰਾਂ ਨੇ ਤੇਨਾਲੀਰਾਮ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ ਸਨ। ਤੇ ਨਾਲੀਰਾਮ ਅਤੇ ਉਸ ਦੀ ਪਤਨੀ ਜਿਉਂ ਹੀ ਘਰ ਦੇ ਅੰਦਰ ਗਏ, ਉਸ ਤੋਂ ਥੋੜ੍ਹੀ ਦੇਰ ਬਾਅਦ ਉਹ ਚੋਰ ਉਥੋਂ ਨਿਕਲ ਕੇ ਖੂਹ ਵੱਲ ਆਏ, ਖੂਹ ਵਿੱਚ ਪਾਣੀ ਬਹੁਤ ਸੀ ਅਤੇ ਹੇਠਾਂ ਜਾ ਕੇ ਬਕਸਾ ਕੱਢਣਾ ਸੌਖਾ ਨਹੀਂ ਸੀ। ਇਸ ਲਈ ਉਹਨਾਂ ਚੋਰਾਂ ਨੇ ਖੂਹ ਦੇ ਪਾਣੀ ਨੂੰ ਕੱਢਣਾ ਬਿਹਤਰ ਸਮਝਿਆ। ਉਹਨਾਂ ਨੇ ਉਥੇ ਇੱਕ ਬਾਲਟੀ ਅਤੇ ਉਸ ਨਾਲ ਬੰਨ੍ਹੀ ਰੱਸੀ ਵੇਖੀ। ਚੋਰਾਂ ਨੇ ਛੇਤੀ-ਛੇਤੀ ਬਾਲਟੀ ਨਾਲ ਖੂਹ ਵਿੱਚੋਂ ਪਾਣੀ ਕੱਢਣਾ ਸ਼ੁਰੂ ਕੀਤਾ। ਉਹ ਪਾਣੀ ਕੱਢਦੇ ਅਤੇ ਇੱਕ ਨਾਲੇ ਵਿੱਚ ਪਾਉਂਦੇ ਜਾਂਦੇ। ਸਾਰੀ ਰਾਤ ਉਹ ਹੀਰੇ-ਜਵਾਹਰਤਾਂ ਦੇ ਲਾਲਚ ਵਿੱਚ ਮਿਹਨਤ ਕਰਦੇ ਰਹੇ। ਸਵੇਰ ਹੋਣ ਤੱਕ ਉਹਨਾਂ ਚੋਰਾਂ ਨੂੰ ਉਹ ਵੱਡਾ ਬਕਸਾ ਦਿਸਿਆ। ਉਹਨਾਂ ਵਿੱਚੋਂ ਇੱਕ ਚੋਰ ਨੇ ਕਿਹਾ ਮੈਂ ਹੇਠਾਂ ਜਾ ਕੇ ਬਕਸੇ ਨੂੰ ਰੱਸੀ ਨਾਲ ਬੰਨ੍ਹਦਾ ਹਾਂ। ਫਿਰ ਹੌਲੀ-ਹੌਲੀ ਸਾਰੇ ਚੋਰਾਂ ਨੇ ਬਕਸੇ ਨੂੰ ਉਪਰ ਖਿਚਿਆ। ਉਹਨਾਂ ਨੇ ਬਿਨਾਂ ਦੇਰੀ ਕੀਤੇ ਬਕਸੇ ਦਾ ਤਾਲਾ ਤੋੜਿਆ ਪਰ ਇਹ ਕੀ! ਬਕਸੇ ਵਿੱਚ ਤਾਂ ਸੋਨੇ-ਚਾਂਦੀ ਦੇ ਗਹਿਣਿਆਂ ਦੀ ਬਜਾਏ ਇੱਟਾਂ-ਪੱਥਰ ਭਰੇ ਹੋਏ ਸਨ। ਸਾਰੀ ਗੱਲ ਸਮਝਦੇ ਹੋਏ ਉਹ ਜਿਉਂ ਭੱਜਣ ਲੱਗੇ, ਉਹਨਾਂ ਨੇ ਵੇਖਿਆ ਕਿ ਤੇਨਾਲੀਰਾਮ ਸਿਪਾਹੀਆਂ ਨੂੰ ਲੈ ਕੇ ਖੇਤ ਦੇ ਕਿਨਾਰੇ ਤੇ ਖੜੇ ਹੋਏ ਸਨ।

ਇਹ ਵੇਖ ਕੇ ਉਹਨਾਂ ਚੋਰਾਂ ਦੇ ਹੋਸ਼ ਉਡ ਗਏ। ਸਿਪਾਹੀਆਂ ਨੇ ਉਹਨਾਂ ਚੋਰਾਂ ਨੂੰ ਉਥੇ ਹੀ ਧਰ-ਦਬੋਚਿਆ।ਬਾਅਦ ਵਿੱਚ ਤੇਨਾਲੀਰਾਮ ਆਪਣੀ ਪਤਨੀ ਨੂੰ ਲੈ ਕੇ ਖੇਤਾਂ ਵੱਲ ਗਏ ਅਤੇ ਬੋਲੇ-ਕਿਹੋ ਜਿਹੀ ਰਹੀ ਮੇਰੀ ਚਾਲ, ਚੋਰਾਂ ਦੀ ਵਜ੍ਹਾ ਨਾਲ ਸਾਡੇ ਝੋਨੇ ਨੂੰ ਪਾਣੀ ਵੀ ਮਿਲ ਗਿਆ ਉਹ ਵੀ ਮੁਫ਼ਤ ਵਿੱਚ।

ਉਸ ਦੀ ਪਤਨੀ ਨੇ ਉਸ ਵੱਲ ਵੇਖਦੇ ਹੋਏ ਕਿਹਾ - ਆਪ ਸੱਚਮੁੱਚ ਚਲਾਕ ਹੋ। ਤੁਸੀਂ ਤਾਂ ਇੱਕ ਤੀਰ ਨਾਲ ਦੋ ਸ਼ਿਕਾਰ ਕਰ ਦਿੱਤੇ। - ਫਿਰ ਉਹ ਦੋਵੇਂ ਜ਼ੋਰ-ਜ਼ੋਰ ਨਾਲ ਹੱਸਣ ਲੱਗੇ। ■

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

| | |
|---|---|
| 1) ਭਗਵਾਨ ਸ਼੍ਰੀਰਾਮ | 8) ਰੋਮ |
| 2) ਭੀਮ | 9) ਸਰਵਨਾਮ |
| 3) ਸਿੱਕਿਮ | 10) ਵੰਦੇਮਾਤਰਮ |
| 4) ਮਲਯਾਲਮ | 11) ਓਸਿਮਿਯਮ |
| 5) ਏ.ਪੀ.ਜੇ.ਅਬਦੁਲ ਕਲਾਮ | 12) ਪਰਸ਼ੂਰਾਮ |
| 6) ਰਿਸ਼ੀ ਗੌਤਮ | 13) ਜਿਹਲਮ |
| 7) ਅਸਮ | 14) ਹੇ ਰਾਮ |

ਕਹਾਣੀ

# ਤੇਨਾਲੀ ਰਾਮ ਦੀ ਸੂਝਬੂਝ

– ਹਰਿੰਦਰ ਸਿੰਘ ਗੋਗਨਾ



ਇੱਕ ਵਾਰ ਦੋ ਆਦਮੀ ਰਾਜਾ ਕ੍ਰਿਸ਼ਣਦੇਵ ਰਾਏ ਦੇ ਦਰਬਾਰ ਵਿੱਚ ਹਾਜ਼ਿਰ ਕੀਤੇ ਗਏ। ਇੱਕ ਦਾ ਨਾਮ ਭੋਲਾ ਅਤੇ ਦੂਸਰੇ ਦਾ ਨਾਮ ਘਣਸ਼ਾਮ ਸੀ।

ਭੋਲਾ ਹੱਥ ਜੋੜ ਕੇ ਬੋਲਿਆ – ਮਹਾਰਾਜ, ਇਹ ਮੇਰਾ ਮਿੱਤਰ ਘਣਸ਼ਾਮ ਹੈ। ਕੁੱਝ ਮਹੀਨੇ ਪਹਿਲਾਂ ਮੈਂ ਆਪਣੇ ਪਿੰਡ ਜਾਣਾ ਸੀ ਇਸ ਲਈ ਮੈਂ ਆਪਣੀਆਂ ਦਸ ਸੋਨੇ ਦੀਆਂ ਮੋਹਰਾਂ ਇਸ ਦੇ ਕੋਲ ਅਮਾਨਤ ਵਜੋਂ ਰੱਖੀਆਂ ਸਨ। ਅੱਜ ਜਦ ਵਾਪਸ ਆ ਕੇ ਮੈਂ ਆਪਣੀਆਂ ਮੋਹਰਾਂ ਮੰਗੀਆਂ ਤਾਂ ਇਹ ਵਾਪਿਸ ਦੇਣ ਤੋਂ ਸਾਫ਼ ਮੁਕਰ ਗਿਆ, ਹੁਣ ਤੁਸੀਂ ਹੀ ਨਿਆ ਕਰੋ।

ਰਾਜਾ ਨੇ ਘਣਸ਼ਾਮ ਤੋਂ ਪੁੱਛਿਆ ਤਾਂ ਉਹ ਮੁਕਰ ਗਿਆ।

ਰਾਜਾ ਸੋਚ ਵਿੱਚ ਪੈ ਗਏ ਕਿ ਦੋਵਾਂ ਵਿੱਚੋਂ ਸੱਚਾ ਕਿਹੜਾ ਹੈ ਅਤੇ ਝੂਠਾ ਕਿਹੜਾ ਹੈ? ਅਖੀਰ ਤੇਨਾਲੀਰਾਮ ਨੂੰ ਸੱਚ-ਝੂਠ ਦਾ ਨਿਰਣਾ ਕਰਨ ਲਈ ਕਿਹਾ।

ਤੇਨਾਲੀਰਾਮ ਕੁੱਝ ਪਲ ਸੋਚ ਕੇ ਭੋਲਾ ਨੂੰ ਬੋਲਿਆ – ਹਾਂ ਤਾਂ ਭਾਈ ਭੋਲਾ, ਜਦ ਘਣਸ਼ਾਮ ਨੂੰ ਮੋਹਰਾਂ ਦਿੱਤੀਆਂ ਤਾਂ ਉਥੇ ਕੋਈ ਤੀਸਰਾ ਵੀ ਸੀ?

ਜੀ ਹਾਂ ਇੱਕ ਖੂਹ ਜ਼ਰੂਰ ਉਥੇ ਸੀ। ਸਿੱਧੇ-ਸਾਕੇ ਭੋਲੇ ਨੇ ਕਿਹਾ ਤਾਂ ਸਾਰੇ ਦਰਬਾਰੀ ਹੱਸਣ ਲੱਗੇ। ਭਲਾ ਖੂਹ ਵੀ ਕਦੇ ਗਵਾਹੀ ਦੇ ਸਕਦਾ ਹੈ ਕੀ?

ਪਰ ਤੇਨਾਲੀਰਾਮ ਬੋਲਿਆ– ਇੰਝ ਕਰੋ ਭੋਲਾ, ਤੂੰ ਜਾ ਕੇ ਉਸ ਖੂਹ ਤੋਂ ਇੱਕ ਘੜਾ ਪਾਣੀ ਦਾ ਭਰ ਕੇ ਲੈ ਆ, ਹੁਣੇ ਸੱਚ-ਝੂਠ ਦਾ ਫੈਸਲਾ ਹੋ ਜਾਵੇਗਾ। ਭੋਲੇ ਨੇ ਸਿਰ ਝੁਕਾਇਆ ਅਤੇ ਚਲਾ ਗਿਆ।

ਸਾਰੇ ਦਰਬਾਰੀ ਅਤੇ ਰਾਜਾ ਹੈਰਾਨ ਸਨ ਕਿ ਤੇਨਾਲੀਰਾਮ ਆਖਿਰ ਸਾਬਿਤ ਕੀ ਕਰਨਾ ਚਾਹੁੰਦਾ ਹੈ? ਘਣਸ਼ਾਮ ਵੀ ਇਸ ਗੱਲ ਤੇ ਵਿਚਾਰਮਗਨ ਸੀ।

ਕੁੱਝ ਦੇਰ ਬਾਅਦ ਤੇਨਾਲੀਰਾਮ ਨੇ ਘਣਸ਼ਾਮ ਤੋਂ ਪੁੱਛਿਆ – ਕਿਉਂ ਘਣਸ਼ਾਮ। ਤੇਰਾ ਮਿੱਤਰ ਭੋਲਾ ਹੁਣ ਤਕ ਵਾਪਸ ਨਹੀਂ ਆਇਆ, ਕੀ ਕਾਰਣ ਹੋ ਸਕਦਾ ਹੈ?

– ਜੀ ਖੂਹ ਇਥੋਂ ਬਹੁਤ ਦੂਰ ਹੈ। ਇਸ ਲਈ ਦੇਰ ਲੱਗ ਰਹੀ ਹੈ। ਘਣਸ਼ਾਮ ਦੇ ਮੂੰਹ ਤੋਂ ਅਚਾਨਕ ਨਿਕਲਿਆ।

– ਮਹਾਰਾਜ ਫੈਸਲਾ ਹੋ ਗਿਆ। ਭੋਲਾ ਨੇ ਸਚਮੁੱਚ ਘਣਸ਼ਾਮ ਨੂੰ ਮੋਹਰਾਂ ਦਿੱਤੀਆਂ ਸਨ। ਭਲਾ ਇਸ ਨੂੰ ਕਿਵੇਂ ਪਤਾ ਕਿ ਖੂਹ ਇਥੋਂ ਬਹੁਤ ਦੂਰ ਹੈ? ਤੇਨਾਲੀਰਾਮ ਨੇ ਕਿਹਾ।

ਘਣਸ਼ਾਮ ਨੇ ਸ਼ਰਮ ਨਾਲ ਸਿਰ ਝੁਕਾ ਲਿਆ ਸੀ।

ਤੇਨਾਲੀਰਾਮ ਦੀ ਸੂਝਬੂਝ ਨਾਲ ਦਰਬਾਰ ਫਿਰ ਜੈਕਾਰਿਆਂ ਦੀ ਆਵਾਜ਼ ਨਾਲ ਗੂੰਜ ਉਠਿਆ।

ਹੁਣ ਤਕ ਭੋਲਾ ਵੀ ਵਾਪਸ ਆ ਗਿਆ ਸੀ। ਘਣਸ਼ਾਮ ਨੇ ਉਸ ਤੋਂ ਮਾਫ਼ੀ ਮੰਗੀ ਅਤੇ ਮਹਾਰਾਜ ਨਾਲ ਵਾਅਦਾ ਕੀਤਾ ਕਿ ਉਹ ਅੱਜ ਹੀ ਆਪਣੇ ਮਿੱਤਰ ਦੀ ਅਮਾਨਤ ਉਸ ਨੂੰ ਵਾਪਸ ਕਰ ਦੇਵੇਗਾ ਅਤੇ ਭਵਿੱਖ ਵਿੱਚ ਫਿਰ ਕਿਸੇ ਨਾਲ ਅਜਿਹਾ ਛਲ ਨਹੀਂ ਕਰੇਗਾ। ■

# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ ..............................................................

................................................................................

# ਫਰਵਰੀ 2024 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ.**

ਸਿਦਕ ਭਾਟੀਆ (ਉਮਰ 7 ਸਾਲ)
ਵੀ.ਪੀ.ਓ - ਦੋਰਾਹਾ
ਜਿਲਾ - ਲੁਧਿਆਣਾ (ਪੰਜਾਬ)

**ਦੂਸਰਾ ਨੰ.**

ਭਾਵੇਸ਼ ਬਾਂਸਲ (ਉਮਰ 9 ਸਾਲ)
ਵੀ.ਪੀ.ਓ - ਰਾਏਕੋਟ
ਜ਼ਿਲਾ - ਜਲੰਧਰ (ਪੰਜਾਬ)

**ਤੀਸਰਾ ਨੰ.**

ਜਸਪ੍ਰੀਤ ਕੌਰ (ਉਮਰ 10 ਸਾਲ)
ਵੀ.ਪੀ.ਓ - ਬੋਹਾ
ਜ਼ਿਲਾ - ਹੁਸ਼ਿਆਰਪੁਰ (ਪੰਜਾਬ)



## ਪਸੰਦ ਕੀਤੇ ਗਏ -

ਸੁਖਪ੍ਰੀਤ ਸਿੰਘ (ਮਾਨਸਾ),
ਸਹਿਜ ਬਾਂਸਲ (ਪਾਤੜਾਂ),
ਸ਼ੁਭਪ੍ਰੀਤ (ਅੰਮ੍ਰਿਤਸਰ),
ਰਸ਼ਮੀਤ ਕੌਰ ਰੂਹੀ (ਖੁਸ਼ਹਾਲਪੁਰ),
ਨਿਹਾਰਿਕਾ (ਲੁਧਿਆਣਾ),
ਪ੍ਰੇਰਣਾ (ਬੇਦੀ ਨਗਰ),
ਪ੍ਰਵੀਨ ਕੌਰ (ਨਾਨਕ ਨਗਰੀ),
ਸਮੀਪਤਾ ਖੁਰਾਣਾ (ਜਲੰਧਰ),
ਗੁਰਮੁਖ ਨੂਰ (ਗੁਮਟਾਲਾ),
ਉਦੈਵੀਰ ਸਿੰਘ (ਖੁਸ਼ਹਾਲਪੁਰ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਪ੍ਰਭਜੋਤ ਕੌਰ (ਭੈਰੋਮਾਜਰਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਵਿਦਿਤ ਬਜਾਜ
(ਡੇਰਾ ਬਾਬਾ ਨਾਨਕ)
ਵੰਦਿਤਾ ਬਜਾਜ
(ਨਿਰੰਕਾਰੀ ਕਲੋਨੀ),

# ਅਪ੍ਰੈਲ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਪ੍ਰੈਲ 2024 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਜੂਨ 2024 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਨਵੀਆਂ ਜਮਾਤਾਂ 'ਚ

## ਨਵੀਆਂ ਮੰਜ਼ਿਲਾਂ ਕਰੋ ਤੈਅ

- ਪ੍ਰੋ. ਕੁਲਜੀਤ ਕੌਰ

ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਦੇ ਅਨੇਕ ਪੜਾਅ ਵਿਚੋਂ ਸਕੂਲੀ ਵਿਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਹੁਣ ਸਾਲਾਨਾ ਪ੍ਰੀਖਿਆਵਾਂ ਖਤਮ ਹੋ ਚੁਕੀਆਂ ਹਨ, ਜਮਾਤਾਂ ਦੇ ਨਤੀਜੇ ਆ ਚੁਕੇ ਹਨ। ਬਹੁਤ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰ ਚੁਕੇ ਹਨ। ਉਨ੍ਹਾਂ ਅੰਦਰ ਇਕ ਚਾਅ, ਇਕ ਉਮੰਗ ਹੈ। ਨਵੀਆਂ ਨਕੋਰ ਪੁਸਤਕਾਂ ਨੂੰ ਦੇਖ-ਦੇਖ ਖੁਸ਼ ਹੁੰਦੇ ਹਨ। ਕੁਝ ਸਿਖਿਆਵਾਂ, ਕੁਝ ਵਿਚਾਰ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰ ਚੁੱਕੇ ਵਿਦਿਆਰਥੀਆਂ ਨਾਲ ਸਾਂਝੇ ਕਰਨੇ ਚਾਹਵਾਂਗੇ।

ਨਵੀਂ ਜਮਾਤ ਵਿਚ ਪ੍ਰਵੇਸ਼ ਹੋਏ ਵਿਦਿਆਰਥੀਆਂ ਨੂੰ ਪਿਛਲੇ ਵਰ੍ਹੇ ਦੀਆਂ ਆਪਣੀਆਂ ਕਮੀਆਂ ਨੂੰ ਪੂਰਾ ਕਰਨ ਉਪਰ ਜ਼ੋਰ ਦੇਣਾ ਚਾਹੀਦਾ ਹੈ। ਉਹਨਾਂ ਨੂੰ ਇਹ ਪਤਾ ਲਗ ਗਿਆ ਹੋਵੇਗਾ ਕਿ ਕਮੀ ਕਿੱਥੇ ਰਹੀ ਹੈ। ਆਪਣੇ ਤੋਂ ਅੱਗੇ ਨਿਕਲ ਚੁਕੇ ਵਿਦਿਆਰਥੀਆਂ ਦੀ ਸਫਲਤਾ ਦਾ ਰਾਜ ਉਹ ਸਮਝ ਚੁਕੇ ਹੋਣਗੇ। ਇਹ ਹੋ ਸਕਦਾ ਹੈ ਕਿ ਜਿੰਨੇ ਚੰਗੇ ਨਤੀਜਿਆਂ ਦੀ ਉਨ੍ਹਾਂ ਆਸ ਕੀਤੀ ਹੋਵੇ, ਸ਼ਾਇਦ ਉਸ ਤੋਂ ਕੁਝ ਘੱਟ ਹਾਸਿਲ ਹੋਏ ਹੋਣ। ਇਸ ਲਈ ਉਹਨਾਂ ਵਿਦਿਆਰਥੀਆਂ ਨੂੰ ਨਿਰਾਸ ਹੋਣ ਦੀ ਲੋੜ ਨਹੀਂ ਸਗੋਂ ਭਵਿਖ ਲਈ ਆਸਵੰਦ ਰਹਿਣ।

ਸਮੇਂ ਦੀ ਕਦਰ, ਸਮੇਂ ਦੀ ਕੀਮਤ ਨੂੰ ਪਛਾਣਦੇ ਹੋਏ ਇਨ੍ਹਾਂ ਵਿਦਿਆਰਥੀਆਂ ਨੂੰ ਜਮਾਤਾਂ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਆਪਣਾ ਹੋਮਵਰਕ ਸਮੇਂ ਸਿਰ ਨਿਪਟਾਉਣਾ ਚਾਹੀਦਾ ਹੈ। ਅਧਿਆਪਕ ਦੁਆਰਾ ਕਰਵਾਏ ਗਏ ਹਰ ਪਾਠ, ਹਰ ਸਿਲੇਬਸ ਨੂੰ ਸੌ ਫੀਸਦੀ ਧਿਆਨ ਦੇ ਕੇ ਸੁਣਨਾ ਜ਼ਰੂਰੀ ਹੈ।

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਕ ਟਾਈਮ ਟੇਬਲ ਬਣਾ ਕੇ ਆਪਣੀ ਪੜ੍ਹਾਈ ਵਲ ਧਿਆਨ ਦੇਣ। ਪੁਸਤਕਾਂ ਨਾਲ ਪਿਆਰ ਪਾ ਕੇ ਅਧਿਆਪਕ ਦੁਆਰਾ ਦਿੱਤੇ ਗਏ ਗਿਆਨ ਨੂੰ ਆਪਣੀ ਸਮਝ ਮੁਤਾਬਿਕ ਪ੍ਰਵਾਨ ਕਰਨ। ਕਿਹਾ ਜਾਂਦਾ ਹੈ ਕਿ ਅਭਿਆਸ ਕਿਸੇ ਵੀ ਕਲਾ ਜਾਂ ਗਿਆਨ ਨੂੰ ਹੋਰ ਪੱਕਾ ਕਰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਆਪਣੇ ਵਿਸ਼ਿਆਂ ਦਾ ਅਭਿਆਸ ਜ਼ਰੂਰ ਕਰਨ।

ਆਪਣਾ ਖੇਡਣ ਦਾ ਸਮਾਂ ਵੀ ਨਿਸ਼ਚਿਤ ਕਰੋ। ਅਪਣਾ ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਕੁਝ ਸਮਾਂ ਖੇਡਣਾ ਵੀ ਚਾਹੀਦਾ ਹੈ। ਇਸ ਨਾਲ ਸਰੀਰ ਦੀ ਵਰਜਿਸ਼ ਹੁੰਦੀ ਹੈ। ਕੰਪਿਊਟਰ ਗੇਮਾਂ, ਵੀਡਿਓ ਗੇਮਾਂ ਜਾਂ ਟੈਕਨੋਲੋਜੀ ਦੇ ਐਨੇ ਜ਼ਿਆਦਾ ਗੁਲਾਮ ਨਾ ਬਣੋ ਕਿ ਆਪਣੇ ਜ਼ਰੂਰੀ ਕੰਮ ਭੁੱਲ ਜਾਉ। ਹੌਲੀ-ਹੌਲੀ ਉਨ੍ਹਾਂ ਆਦਤਾਂ ਦਾ ਤਿਆਗ ਕਰੋ, ਜੋ ਤੁਹਾਡਾ ਸਮਾਂ ਅਤੇ ਸ਼ਕਤੀ ਵਿਅਰਥ ਕਰਦੇ ਹਨ।

ਮਾਪਿਆਂ ਅਤੇ ਅਧਿਆਪਕਾਂ ਦੇ ਵੀ ਕੁਝ ਫਰਜ਼ ਬਣਦੇ ਹਨ ਕਿ ਉਹ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੰਦੇ ਹੋਏ ਪਿਛਲੇ ਵਰ੍ਹੇ ਦੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ।

ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਦਾ ਚਾਅ ਅਤੇ ਉਤਸ਼ਾਹ ਵਧਾ ਕੇ ਉਨ੍ਹਾਂ ਦੀ ਲਿਖਾਈ ਤੇ ਹੋਰ ਅਭਿਆਸ ਵੱਲ ਧਿਆਨ ਦਿੱਤਾ ਜਾਵੇ। ਜਮਾਤ ਦਾ ਇਹੋ ਜਿਹਾ ਮਾਹੌਲ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਦਾ ਮਨ ਕਰੇ ਕਿ ਉਹ ਚਾਈਂ ਚਾਈਂ ਸਕੂਲ ਜਾਵੇ। ■



# ਬਚਨ ਹਜ਼ੂਰ ਦੀ ਕਹਾਣੀ ਸੁਣ ਲਓ

– ਸੁਰਿੰਦਰ ਰੰਧਾਵਾ

ਬਚਨ ਹਜ਼ੂਰ ਦੀ ਕਹਾਣੀ ਸੁਣ ਲਓ।
ਸੱਚ ਲਈ ਜੋ ਦੇ ਗਏ ਕੁਰਬਾਨੀ ਸੁਣ ਲਓ।

ਅਵਤਾਰ ਸਿੰਘ ਘਰ ਅਵਤਾਰ ਧਾਰਿਆ।
ਵਾਰੀ ਤੈਥੋਂ ਬੁਧਵੰਤੀ ਦੇ ਦੁਲਾਰਿਆ।
ਉਨੀ ਸੌ ਤੀਹ ਕਿੰਨਾਂ ਭਾਗਾਂ ਵਾਲਾ ਦਿਨ ਸੀ।
ਧੰਨ ਸੀ ਉਹ ਧਰਤੀ ਤੇ ਵੇਲਾ ਧੰਨ ਸੀ।
ਜਗ ਪਈ ਸੀ ਜੋਤ ਉਹ ਨੂਰਾਨੀ ਸੁਣ ਲਓ।
ਬਚਨ ਹਜੂਰ ਦੀ...

ਜਦੋਂ ਹੈ ਸੀ ਦੇਸ਼ ਮੇਰਾ ਵੰਡਿਆ ਗਿਆ।
ਆ ਕੇ ਦਿੱਲੀ ਸ਼ਹਿਰ ਵਿੱਚ ਡੇਰਾ ਲਾ ਲਿਆ।
ਉਹਨਾਂ ਦਿਨਾਂ ਵਿੱਚ ਸੀ ਵਿਆਹ ਹੋ ਗਿਆ।
ਸ਼ਹਿਨਸ਼ਾਹ ਜਗਤ ਮਾਤਾ ਲਾਹ ਲਏ ਸਾਰੇ ਚਾਅ।
ਬਣੀ ਰਾਜ ਮਾਤਾ ਉਸ ਦੀ ਰਾਣੀ ਸੁਣ ਲਓ।
ਬਚਨ ਹਜੂਰ ਦੀ...

ਸ਼ਹਿਨਸ਼ਾਹ ਦੀ ਕਾਰ ਬਚਨ ਚਲਾਉਂਦੇ ਸੀ।
ਹਰ ਵੇਲੇ ਤੂੰਹੀ, ਤੂੰਹੀ, ਤੂੰਹੀ ਗਾਉਂਦੇ ਸੀ।
ਕਦੇ ਨਾ ਉਹ ਬਹੁਤਾ ਬੋਲਦੇ ਬੁਲਾਉਂਦੇ ਸੀ।
ਸੰਗਤਾਂ ਦੀ ਸੇਵਾ ਹਰ ਥਾਂ ਕਮਾਉਂਦੇ ਸੀ।
ਬੋਲਦੇ ਸੀ ਸਦਾ ਮਿੱਠੀ ਬਾਣੀ ਸੁਣ ਲਓ।
ਬਚਨ ਹਜੂਰ ਦੀ...

ਉਨੀ ਸੌ ਤਰੇਹਠ ਵਿੱਚ ਗੁਰੂ ਬਣ ਗਏ।
ਛੇ ਸਾਲ ਸ਼ਹਿਨਸ਼ਾਹ ਜੀ ਨਾਲ ਹੀ ਰਹੇ।
ਗੁਰੂ ਅਵਤਾਰ ਚੇਲਾ ਬਣ ਬਹਿ ਗਿਆ।
ਬਚਨ ਨੂੰ ਉਹਨਾ ਗੁਰੂ ਮੰਨ ਸੀ ਲਿਆ।
ਨਵੀਂ ਕਾਇਆ ਆਈ, ਗਈ ਪੁਰਾਣੀ ਸੁਣ ਲਓ।
ਬਚਨ ਹਜੂਰ ਦੀ...

ਹੱਥ ਵਿੱਚ ਖੂੰਡੀ ਚਿੱਟੀ ਪੱਗ ਵਾਲਾ ਸੀ।
ਸੋਹਣਾ ਜਿਹਾ ਬਾਬਾ ਬੜਾ ਭੋਲਾ-ਭਾਲਾ ਸੀ।
ਹਰ ਇਕ ਨਾਲ ਸੀ ਪਿਆਰ ਕਰਦਾ।
ਹੈ ਸੀ ਹਰ ਸੰਤ ਦਾ ਖਿਆਲ ਕਰਦਾ।
ਕਰਦਾ ਉਹ ਨਹੀਂ ਸੀ ਵੰਡ ਕਾਣੀ ਸੁਣ ਲਓ।
ਬਚਨ ਹਜੂਰ ਦੀ...

ਆਪਣੇ ਹੀ ਵੀਰਾਂ ਲੋਕੋ ਅੱਤ ਚੁੱਕ ਲਈ।
ਵੇਖੋ ਯਾਰੋ ਜੁਲਮ ਦੀ ਹੱਕ ਮੁਕ ਗਈ।
ਮਾਰਨ ਲਈ ਪੰਜ ਵਾਰੀ ਹੱਲਾ ਬੋਲਿਆ।
ਮੌਤ ਤੋਂ ਨਾ ਮੇਰਾ ਗੁਰੂ ਕਦੇ ਡੋਲਿਆ।
ਕਿਹਾ ਵਾਜ ਸੱਚ ਦੀ ਫੈਲਾਣੀ ਸੁਣ ਲਓ।
ਬਚਨ ਹਜ਼ੂਰ ਦੀ...

ਚੌਵੀ-ਚਾਰ-ਅੱਸੀ ਦਿਨ ਵੀਰਵਾਰ ਸੀ।
ਵੈਰੀ ਹੋ ਕੇ ਬੈਠੇ ਪਹਿਲਾਂ ਹੀ ਤਿਆਰ ਸੀ।
ਗੋਲੀ ਕਿਸੇ ਸਿਰ-ਫਿਰੇ ਨੇ ਚਲਾਈ ਸੀ।
ਪਿੱਠ ਚੀਰ ਆਰ-ਪਾਰ ਲੰਘ ਆਈ ਸੀ।
ਡਿੱਗ ਪਈ ਉਹ ਸੂਰਤ ਸੁਹਾਣੀ ਸੁਣ ਲਓ।
ਬਚਨ ਹਜ਼ੂਰ ਦੀ...

ਵੇਖੋਂ ਭਾਵੇਂ ਲੋਕਾਂ ਸੀ ਬਚਨ ਖੋਹ ਲਿਆ।
ਬਣ ਹਰਦੇਵ ਉਹ ਸਾਕਾਰ ਹੋ ਗਿਆ।
ਕੀ ਹੋਇਆ ਜੇ ਇਕ ਨੇ ਉਹ ਬਾਬਾ ਮਾਰ ਗਏ।
ਲੱਖਾਂ ਬਾਬੇ ਨੇ 'ਰੰਧਾਵਾ' ਹੋ ਤਿਆਰ ਗਏ।
ਇਹ ਤਾਂ ਵੇਲ ਵਧਦੀ ਹੀ ਜਾਣੀ ਸੁਣ ਲਓ।
ਬਚਨ ਹਜ਼ੂਰ ਦੀ...

# ਕਦੇ ਨਾ ਭੁੱਲੋ

❖ ਇੱਕ ਬੋਲ ਸੰਵਾਰਨ ਵਾਲੇ ਅਤੇ ਇੱਕ ਵਿਗਾੜਨ ਵਾਲੇ ਹੁੰਦੇ ਹਨ ਪਰ ਕਰਮ ਦੀ ਥਾਂ ਬੋਲਾਂ ਤੋਂ ਵੀ ਉਚੀ ਹੈ।
❖ ਤਲਵਾਰ ਦੇ ਫੱਟ ਭਰ ਜਾਂਦੇ ਹਨ ਪਰ ਜ਼ੁਬਾਨ ਰਾਹੀਂ ਕਹੇ ਤਿੱਖੇ ਸ਼ਬਦ ਦਿਲਾਂ ਨੂੰ ਛੱਲਣੀ ਕਰ ਦਿੰਦੇ ਹਨ।
❖ ਹਮੇਸ਼ਾਂ ਚੰਗਿਆਂ ਦਾ ਸਾਥ ਕਰੋ। ਪੈਰਾਂ ਹੇਠਾਂ ਰੋਲੀ ਜਾ ਰਹੀ ਧੂੜ ਵੀ ਹਵਾ ਦਾ ਸਾਥ ਲੈ ਕੇ ਅਸਮਾਨ ਨੂੰ ਛੂਹ ਲੈਂਦੀ ਹੈ।
❖ ਅਗਿਆਨਤਾ ਦੇ ਹਨ੍ਹੇਰੇ ਵਿੱਚ ਰਹਿ ਕੇ ਤੈਅ ਕੀਤਾ ਗਿਆ ਸਫਰ, ਧਰਤੀ ਤੇ ਬੋਝ ਦੇ ਬਰਾਬਰ ਹੈ।
❖ ਪ੍ਰਭੂ ਉਸਤਤਿ ਵਿੱਚ ਲਗੀ ਬਾਣੀ, ਪ੍ਰੇਮ ਅਤੇ ਸੱਚ ਤੋਂ ਹੱਟ ਕੇ ਜੋ ਕੁੱਝ ਵੀ ਬੋਲਿਆ ਜਾ ਰਿਹਾ ਹੈ ਮਹਾਪੁਰਸ਼ਾਂ ਨੇ ਉਸ ਨੂੰ ਬੇਕਾਰ ਕਿਹਾ ਹੈ।
❖ ਸੰਤਾਂ ਦੀ ਉਚੀ ਮੱਤ ਲੈ ਲਉ ਜੀਵਨ ਦੀ ਚਾਲ ਸੁੰਦਰ ਹੋ ਜਾਵੇਗੀ।
❖ ਠੀਕ ਸੁਣ ਕੇ ਮੰਨਣਾ ਅਤੇ ਉਸ ਦੇ ਅਨੁਸਾਰ ਚੱਲਣਾ ਆ ਜਾਵੇ ਤਾਂ ਵਾਕਈ ਅਸੀਂ ਲਾਭ ਲੈ ਸਕਾਂਗੇ।
❖ ਅੱਜ ਇਨਸਾਨ ਸੱਚ ਵੱਲ ਨਹੀਂ ਝੂਠ ਵੱਲ ਜਾਗ੍ਰਿਤ ਹੈ, ਇਸ ਦਾ ਮਾਨਵਤਾ ਵੱਲ ਜਾਗ੍ਰਿਤ ਹੋਣਾ ਬਹੁਤ ਜ਼ਰੂਰੀ ਹੈ।
❖ ਹਨ੍ਹੇਰਾ ਰੋਸ਼ਨੀ ਨਾਲ ਹੀ ਮਿਟਦਾ ਹੈ ਕਿਸੇ ਹੋਰ ਯਤਨ ਨਾਲ ਨਹੀਂ। ਇਸ ਤਰ੍ਹਾਂ ਬੰਧਨਾਂ ਤੋਂ ਨਿਜਾਤ ਪ੍ਰਮਾਤਮਾ ਨੂੰ ਜਾਣ ਕੇ ਹੀ ਮਿਲਦੀ ਹੈ।

– ਬਾਬਾ ਹਰਦੇਵ ਸਿੰਘ ਜੀ

❖ ਸੰਤੁਸ਼ਟ ਰਹਿਣ ਵਾਲਿਆਂ ਲਈ ਸਦਾ ਸਾਰੀਆਂ ਦਿਸ਼ਾਵਾਂ ਸੁਖਦਾਈ ਹਨ ਜਿਵੇਂ ਜੁੱਤੇ ਪਾਉਣ ਵਾਲਿਆਂ ਨੂੰ ਕੰਕੜ ਅਤੇ ਕੰਡੇ ਆਦਿ ਤੋਂ ਦੁੱਖ ਨਹੀਂ ਹੁੰਦਾ।

– ਭਾਗਵਦਗੀਤਾ

❖ ਕਪਟੀ ਇੱਕ ਨਾ ਇੱਕ ਦਿਨ ਪਤਨ ਦੀ ਖਾਈ ਵਿੱਚ ਡਿੱਗਦਾ ਹੈ।
❖ ਆਤਮਵਿਸ਼ਵਾਸ ਸਫਲਤਾ ਦਾ ਮੁੱਖ ਭੇਤ ਹੈ।

– ਏਮਰਸਨ

❖ ਮਨੁੱਖ ਦੇ ਮਨ ਵਿੱਚ ਸੰਤੋਖ ਹੋਣਾ ਸਵਰਗ ਦੀ ਪ੍ਰਾਪਤੀ ਤੋਂ ਵੀ ਵੱਧ ਕੇ ਹੈ। ਸੰਤੋਖ ਸਭ ਤੋਂ ਵੱਡਾ ਸੁੱਖ ਹੈ ਉਸ ਤੋਂ ਵੱਧ ਕੇ ਸੰਸਾਰ ਵਿੱਚ ਕੁੱਝ ਵੀ ਨਹੀਂ ਹੈ।
❖ ਦਿਆਲੂ ਲੋਕਾਂ ਦਾ ਸਰੀਰ ਪਰਉਪਕਾਰ ਨਾਲ ਸੁਸ਼ੋਭਿਤ ਹੁੰਦਾ ਹੈ, ਚੰਦਨ ਨਾਲ ਨਹੀਂ।

– ਵੇਦਵਿਆਸ

ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ


ਚਿੱਤਰਕਥਾ

# ਜੋ ਜਿਹੋ ਜਿਹਾ ਹੈ ਉਹ ਚੰਗਾ ਹੈ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਕੇਸ਼ਵ ਅਤੇ ਰੋਹਣ ਬੜੀ ਹੀ ਮਸਤੀ ਵਿੱਚ ਫੁੱਟਬਾਲ ਖੇਡ ਰਹੇ ਸਨ। ਖੇਡਦੇ-ਖੇਡਦੇ ਕੇਸ਼ਵ ਨੇ ਫੁੱਟਬਾਲ ਨੂੰ ਬਹੁਤ ਉਚਾ ਉਛਾਲ ਦਿੱਤਾ।
ਉਸ ਦੇ ਬਾਅਦ ਉਹਨਾਂ ਦੀ ਫੁੱਟਬਾਲ ਨਾ ਜਾਣੇ ਕਿਥੇ ਗਵਾਚ ਗਈ, ਉਹ ਉਸ ਨੂੰ ਲੱਭਣ ਵਿੱਚ ਲੱਗ ਗਏ।
ਫੁੱਟਬਾਲ ਨੂੰ ਲੱਭਦੇ-ਲੱਭਦੇ ਕੇਸ਼ਵ ਨੇ ਜ਼ਮੀਨ ਤੇ ਵਿਛੀ ਹੋਈ ਤਰਬੂਜ਼ ਦੀ ਵੇਲ ਅਤੇ ਇੱਕ ਜਾਮਣੂ ਦੇ ਰੁੱਖ ਵੇਖਿਆ।


ਜਾਮਣੂ ਦੇ ਰੁੱਖ ਤੇ ਖੂਬ ਕਾਲੇ-ਕਾਲੇ ਜਾਮਣੂ ਲੱਗੇ ਹੋਏ ਸਨ। ਕੇਸ਼ਵ ਨੇ ਰੋਹਣ ਨੂੰ ਆਵਾਜ਼ ਮਾਰੀ ਅਤੇ ਜਾਮਣੂ ਦੇ ਗੁੱਛੇ ਵਿਖਾਉਣ ਲੱਗਾ।
ਕੇਸ਼ਵ ਨੇ ਰੋਹਣ ਨੂੰ ਕਿਹਾ - ਵੇਖੋ ਰੋਹਣ, ਕਿੰਨੇ ਕਾਲੇ ਅਤੇ ਮਿੱਠੇ ਜਾਮਣੂ ਹਨ ਪਰ ਅਸੀਂ ਤੋੜ ਨਹੀਂ ਸਕਦੇ।
ਕੁਦਰਤ ਦੀ ਵੀ ਖੂਬ ਰਚਨਾ ਹੈ।ਛੋਟੇ-ਛੋਟੇ ਜਾਮਣੂਆਂ ਨੂੰ ਤਾਂ ਐਨੇ ਉਚੇ ਰੁੱਖ ਤੇ ਲਗਾ ਦਿੱਤਾ ਅਤੇ ਵੱਡੇ ਸਾਰੇ ਤਰਬੂਜ਼ ਨੂੰ ਹੇਠਾਂ ਜ਼ਮੀਨ ਤੇ।


ਕਿੰਨਾ ਚੰਗਾ ਹੁੰਦਾ ਜੇਕਰ ਜਾਮਣੂ ਜ਼ਮੀਨ ਤੇ ਲੱਗੇ ਹੁੰਦੇ? ਰੋਹਣ ਚੁੱਪਚਾਪ ਖੜਾ ਕੇਸ਼ਵ ਦੀਆਂ ਗੱਲਾਂ ਸੁਣਦਾ ਰਿਹਾ।
ਅਚਾਨਕ ਜਾਮਣੂ ਦੇ ਰੁੱਖ ਤੋਂ ਇੱਕ ਜਾਮਣੂ ਟੁੱਟ ਕੇ ਕੇਸ਼ਵ ਦੇ ਸਿਰ ਤੇ ਡਿੱਗ ਗਿਆ। ਕੇਸ਼ਵ ਇੱਕਦਮ ਨਾਲ ਉਛਲ ਪਿਆ।
ਇਹ ਵੇਖ ਕੇ ਰੋਹਣ ਬੋਲਿਆ - ਕੇਸ਼ਵ ਤੂੰ ਇੱਕ ਛੋਟੇ ਜਿਹੇ ਜਾਮਣੂ ਦੇ ਸਿਰ ਤੇ ਡਿੱਗਣ ਨਾਲ ਉਛਲ ਪਿਆ।ਜੇਕਰ ਇਹ ਤਰਬੂਜ਼ ਹੁੰਦਾ ਤਾਂ ਕੀ ਹੁੰਦਾ?
ਕੇਸ਼ਵ ਝੱਟ ਨਾਲ ਬੋਲਿਆ - ਫਿਰ ਤਾਂ ਮੇਰਾ ਸਿਰ ਹੀ ਫੱਟ ਜਾਂਦਾ।
ਰੋਹਣ ਨੇ ਕਿਹਾ - ਕੁਦਰਤ ਨੇ ਜੋ ਵੀ ਜਿਹੋ ਜਿਹਾ ਬਣਾਇਆ ਹੈ ਉਹ ਚੰਗਾ ਹੈ। ਉਸ ਨੂੰ ਕਿਸੇ ਤਰ੍ਹਾਂ ਦਾ ਦੋਸ਼ ਦੇਣਾ ਗਲਤ ਹੈ।
ਬੱਚਿਉ! ਇਸ ਕਹਾਣੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਕੁਦਰਤ ਦੀ ਕਿਸੇ ਵੀ ਰਚਨਾ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਤਾਂ ਕੁਦਰਤ ਦੀ ਰਚਨਾ ਹੈ ਅਤੇ ਕੁਦਰਤ ਨੇ ਜੋ ਜਿਹੋ ਜਿਹਾ ਵੀ ਬਣਾਇਆ ਹੈ ਉਹ ਚੰਗਾ ਹੈ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!








## Download The App

**Sant Nirankari Mission "SNM" App**

The application is available for the iOS & Android smartphones.

Download on the App Store

ANDROID APP ON Google Play

## Scan QR code


Scan QR code to download Sant Nirankari Mission "SNM" App


For iOS Devices

For Android Devices

Registered with the Registrar of Newspaper
For India Under RNI No. 32345/1977





NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed    Customer Care : **9818883394**